20-JAN-PAGE-1.qxd 1/19/2023 10:09 PM Page 1

ਸ਼ੁੱਕਰਵਾਰ, 20 ਜਨਵਰੀ, 2023
7 ਮਾਘ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 231

ਨਵਾਂ ਜ਼ਮਾਨਾ

DAILY NAWAN ZAMANA • FRIDAY, 20 JANUARY, 2023
ਜਲੰਧਰ
nawan zamana TV
ਕੀਮਤ/PRICE : 5.00 ਰੁਪਏ
Regd. No : Pb/JL-123/2021-23, (R.N.I.)-00068/57
E-mail : nawanzamana@gmail.com
www.nawanzamana.in
ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਮਹਿਲਾ ਪਹਿਲਵਾਨਾਂ ਦਾ ਐਲਾਨ : ਇੱਜ਼ਤ ਨੂੰ ਹੱਥ ਪਾਉਣ ਵਾਲੇ ਪ੍ਰਧਾਨ ਨੂੰ ਛੱਡਣਾ ਨਹੀਂ, ਅੰਦਰ ਕਰਾਉਣਾ

ਨਵੀਂ ਦਿੱਲੀ : ਮਹਿਲਾ ਪਹਿਲਵਾਨਾਂ ਦੇ ਯੌਨ ਸ਼ੋਸ਼ਣ ਨੂੰ ਲੈ ਕੇ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਬ੍ਰਿਜਭੂਸ਼ਣ ਸ਼ਰਨ ਸਿੰਘ ਤੇ ਕੋਚਾਂ ਖਿਲਾਫ ਮੋਰਚਾ ਖੋਲ੍ਹਣ ਵਾਲੇ ਪਹਿਲਵਾਨ ਵੀਰਵਾਰ ਖੇਡ ਮੰਤਰਾਲੇ ਦੇ ਅਧਿਕਾਰੀਆਂ ਨਾਲ ਇਕ ਘੰਟੇ ਦੀ ਮੀਟਿੰਗ ਵਿਚ ਸੰਤੁਸ਼ਟ ਨਹੀਂ ਹੋਏ।

ਸੀਨੀਅਰ ਪਹਿਲਵਾਨ ਬਜਰੰਗ ਪੂਨੀਆ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ—ਸਾਡੇ ਨਾਲ ਹਿੰਦੁਸਤਾਨ ਦੇ ਸਾਰੇ ਪਹਿਲਵਾਨ ਹਨ। ਪ੍ਰਧਾਨ ਨੇ ਕਿਹਾ ਸੀ ਕਿ ਸਬੂਤ ਦਿਓ ਤਾਂ ਫਾਂਸੀ 'ਤੇ ਲਟਕ ਜਾਵਾਂਗਾ। ਪਹਿਲਾਂ ਸਾਡੇ ਨਾਲ ਦੋ ਕੁੜੀਆਂ ਸਨ, ਹੁਣ ਸਬੂਤਾਂ ਸਣੇ 6-7 ਕੁੜੀਆਂ ਹਨ, ਜਿਨ੍ਹਾਂ ਦਾ ਪ੍ਰਧਾਨ ਨੇ ਸ਼ੋਸ਼ਣ ਕੀਤਾ। ਅਸੀਂ ਪਿੱਛੇ ਨਹੀਂ ਹਟਾਂਗੇ। ਅਸੀਂ ਸਿਰਫ ਅਸਤੀਫੇ ਨਾਲ ਸੰਤੁਸ਼ਟ ਨਹੀਂ ਹੋਵਾਂਗੇ। ਅਸੀਂ ਫੈਡਰੇਸ਼ਨ ਭੰਗ ਕਰਾਉਣੀ ਚਾਹੁੰਦੇ ਹਾਂ।

ਬੇਬਾਕ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਨੇ ਕਿਹਾ—ਸਾਡਾ ਇਕ-ਇਕ ਦਿਨ ਕੀਮਤੀ ਹੈ। ਮੀਟਿੰਗ 'ਚ ਸਾਨੂੰ ਤਸੱਲੀਬਖਸ਼ ਜਵਾਬ ਨਹੀਂ ਮਿਲਿਆ। ਸਾਡੇ ਦੋਸ਼ ਸੱਚੇ ਹਨ। ਸਾਨੂੰ ਮਜਬੂਰ ਨਾ ਕੀਤਾ ਜਾਵੇ ਸਭ ਦੇ ਸਾਹਮਣੇ ਆਉਣ ਲਈ। ਅਸੀਂ ਆਪਣੇ ਸਨਮਾਨ ਲਈ ਲੜ ਰਹੇ ਹਾਂ। ਅਸੀਂ ਪੂਰੇ ਦੇਸ਼ ਨੂੰ ਇਹ ਨਹੀਂ ਦੱਸਣਾ ਚਾਹੁੰਦੇ ਕਿ ਦੇਸ਼ ਦੀਆਂ ਬੇਟੀਆਂ ਨਾਲ ਕੀ ਹੋਇਆ ਹੈ। ਜਿਸ ਦਿਨ ਸਾਰੀਆਂ ਕੁੜੀਆਂ ਮੀਡੀਆ ਨੂੰ ਦੱਸਣਗੀਆਂ ਕਿ ਸਾਡੇ ਨਾਲ ਕੀ ਹੋਇਆ, ਉਹ ਕੁਸ਼ਤੀ ਦੀ ਬਦਕਿਸਮਤੀ ਹੋਵੇਗੀ। ਅਸੀਂ ਪ੍ਰਧਾਨ ਦਾ ਅਸਤੀਫਾ ਵੀ ਚਾਹੁੰਦੇ ਹਾਂ ਤੇ ਪ੍ਰਧਾਨ ਨੂੰ ਜੇਲ੍ਹ ਵੀ ਭਿਜਵਾਵਾਂਗੇ। ਸਾਡੇ ਨਾਲ ਬਹੁਤ ਗਲਤ ਹੋਇਆ ਹੈ।

● ਬਾਕੀ ਸਫ਼ਾ 2 'ਤੇ

ਜੰਤਰ-ਮੰਤਰ 'ਤੇ ਧਰਨੇ ਦੌਰਾਨ ਸੰਬੋਧਨ ਕਰਦੀ ਵਿਨੇਸ਼ ਫੋਗਾਟ।

ਪ੍ਰਧਾਨ ਨੂੰ ਮਹਿੰਗੀਆਂ ਕਾਰਾਂ ਦਾ ਸ਼ੌਕ

ਨਵੀਂ ਦਿੱਲੀ : ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਤੇ ਯੂ ਪੀ ਦੇ ਕੈਸਰਗੰਜ ਤੋਂ ਭਾਜਪਾ ਸਾਂਸਦ ਬ੍ਰਿਜਭੂਸ਼ਣ ਮਹਿੰਗੀਆਂ ਕਾਰਾਂ ਦਾ ਸ਼ੌਕ ਰੱਖਦਾ ਹੈ। ਉਸ ਕੋਲ ਟੋਇਟਾ ਲੈਂਡ ਕਰੂਜ਼ਰ ਹੈ, ਜਿਸ ਦੀ ਸ਼ੁਰੂਆਤੀ ਕੀਮਤ ਦੋ ਕਰੋੜ 10 ਲੱਖ ਹੈ। ਹੋਰ ਵੀ ਕਈ ਕਾਰਾਂ ਹਨ। ਉਸ ਨੂੰ 'ਦਬੰਗ' ਕਿਸਮ ਦਾ ਆਗੂ ਮੰਨਿਆ ਜਾਂਦਾ ਹੈ।

ਪੀ ਆਰ ਟੀ ਸੀ ਕਾਮਿਆਂ ਵੱਲੋਂ ਪਟਿਆਲਾ 'ਚ ਵਿਸ਼ਾਲ ਕਨਵੈਨਸ਼ਨ, ਸਰਕਾਰ ਨੂੰ ਸਖਤ ਚੇਤਾਵਨੀ

ਪਟਿਆਲਾ : ਵੀਰਵਾਰ ਇੱਥੇ ਪਟਿਆਲਾ ਵਿਖੇ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੇ ਸੱਦੇ 'ਤੇ ਬੱਸ ਸਟੈਂਡ ਵਿਖੇ ਵਿਸ਼ਾਲ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਵਿੱਚ ਇੱਕ ਹਜ਼ਾਰ ਤੋਂ ਵੱਧ ਕਰਮਚਾਰੀਆਂ ਨੇ ਸ਼ਮੂਲੀਅਤ ਕੀਤੀ। ਕਨਵੈਨਸ਼ਨ ਦੀ ਪ੍ਰਧਾਨਗੀ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਤੇ ਮੈਂਬਰਾਂ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਰਕੇਸ਼ ਕੁਮਾਰ ਦਾਤਾਰਪੁਰੀ, ਤਰਸੇਮ ਸਿੰਘ ਅਤੇ ਉਤਮ ਸਿੰਘ ਬਾਗੜੀ ਨੇ ਕੀਤੀ। ਐਕਸ਼ਨ ਕਮੇਟੀ ਦੇ ਆਗੂਆਂ ਨੇ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਅਤੇ ਪੀ ਆਰ ਟੀ ਸੀ ਦੀ ਮੈਨੇਜਮੈਂਟ ਨੂੰ ਕੋਸਦਿਆਂ ਕਿਹਾ ਕਿ ਜਦੋਂ ਤੋਂ ਭਗਵੰਤ ਮਾਨ ਸਰਕਾਰ ਹੋਂਦ ਵਿੱਚ ਆਈ ਹੈ, ਉਸ ਸਮੇਂ ਤੋਂ ਪੀ ਆਰ ਟੀ ਸੀ ਨੂੰ ਮਾਲੀ ਸੰਕਟ ਵਿੱਚ ਧੱਕ ਦਿੱਤਾ ਗਿਆ ਹੈ, ਜਿਸ ਦੇ ਸਿੱਟੇ ਵਰਕਰਾਂ ਨੂੰ ਭੁਗਤਣੇ ਪੈ ਰਹੇ ਹਨ, ਜਿਹਨਾਂ ਨੂੰ ਤਨਖਾਹਾਂ, ਪੈਨਸ਼ਨਾਂ ਲੇਟ ਵੀ ਮਿਲਦੀਆਂ ਹਨ ਅਤੇ ਪੂਰੀਆਂ ਵੀ ਨਹੀਂ ਮਿਲਦੀਆਂ।

ਇਸ ਤੋਂ ਇਲਾਵਾ ਵਰਕਰਾਂ ਦੇ 90 ਕਰੋੜ ਰੁਪਏ ਦੇ ਬਕਾਏ ਪੀ ਆਰ ਟੀ ਸੀ ਵੱਲ ਖੜੇ ਹਨ। ਮੁਫਤ ਸਫਰ ਬਦਲੇ 350 ਕਰੋੜ ਰੁਪਏ ਦੇ ਬਕਾਏ ਸਰਕਾਰ ਵੱਲ ਖੜੇ ਹਨ। ਵਰਕਰਾਂ ਦੀ ਸਖਤ ਮਿਹਨਤ ਨੂੰ ਨਜ਼ਰਅੰਦਾਜ਼ ਕਰਕੇ ਸਰਕਾਰ ਅਤੇ ਮੈਨੇਜਮੈਂਟ ਵਰਕਰਾਂ ਲਈ ਮੁਸੀਬਤਾਂ ਖੜੀਆਂ ਕਰ ਰਹੀ ਹੈ। ਵਰਕਰਾਂ ਨੂੰ ਆਪਣੇ ਘਰਾਂ ਦੇ ਗੁਜ਼ਾਰੇ ਚਲਾਉਣੇ ਮੁਸ਼ਕਲ ਹੋ ਗਏ ਹਨ। ਕੰਟਰੈਕਟ ਅਤੇ ਆਊਟਸੋਰਸ ਵਰਕਰਾਂ ਨੂੰ ਰੈਗੂਲਰ ਕਰਨ ਲਈ ਪੀ ਆਰ ਟੀ ਸੀ ਵੱਲੋਂ ਆਪਣੇ ਤੌਰ 'ਤੇ ਸਕੀਮ ਤਿਆਰ ਕਰਕੇ ਇਸ ਲੁੱਟ ਦੇ ਸਿਸਟਮ ਨੂੰ ਖਤਮ ਕਰਨ ਦੀ ਮੰਗ ਨੂੰ ਐਕਸ਼ਨ ਕਮੇਟੀ ਵੱਲੋਂ ਲਗਾਤਾਰ ਸੰਘਰਸ਼ ਕਰਨ ਦਾ ਅਹਿਦ ਕੀਤਾ ਗਿਆ। ਬੁਲਾਰਿਆਂ ਨੇ ਜ਼ੋਰਦਾਰ ਤਰੀਕੇ ਨਾਲ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ 300 ਨਵੀਆਂ ਬੱਸਾਂ ਸਰਕਾਰੀ ਮਾਲਕੀ ਵਾਲੀਆਂ ਪਾਈਆਂ ਜਾਣ, 90 ਕਰੋੜ ਦੇ ਵਰਕਰਾਂ ਦੇ ਬਕਾਏ ਲੈਣ ਲਈ, 1992 ਦੀ ਪੈਨਸ਼ਨ ਸਕੀਮ ਤੋਂ ਵਾਂਝੇ ਰਹਿੰਦੇ ਵਰਕਰਾਂ ਨੂੰ ਪੈਨਸ਼ਨ ਦਾ ਲਾਭ ਦੇਣਾ, ਕੁਰੱਪਸ਼ਨ ਦਾ ਖਾਤਮਾ ਕਰਨਾ, ਕਿਲੋਮੀਟਰ ਸਕੀਮ ਬੰਦ ਕਰਨਾ, ਵਿਤਕਰੇਬਾਜ਼ੀ ਸਕੀਮ ਲਾਗੂ ਕਰਨਾ, ਸੰਵਿਧਾਨ ਦੀ 85ਵੀਂ ਸੋਧ ਲਾਗੂ ਕਰਨ ਲਈ, ਫਲਾਇੰਗ ਸਟਾਫ ਨੂੰ 5000/ ਰੁਪਏ ਮਹੀਨੇ ਦਾ ਵਿਸ਼ੇਸ਼ ਭੱਤਾ ਦੇਣਾ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ, ਸੰਵਿਧਾਨ ਦੀ 85ਵੀਂ ਸੋਧ ਲਾਗੂ ਕਰਨ ਲਈ, ਓਵਰ ਟਾਇਮ ਨੂੰ ਰੈੱਸਟਾਂ ਵਿੱਚ ਬਦਲਣਾ ਬੰਦ ਕਰਨਾ, ਵਰਕਸ਼ਾਪ ਲਈ ਓਵਰ ਟਾਈਮ ਲਾਗੂ ਕਰਨਾ, ਸਾਰੇ ਕੰਟਰੈਕਟ ਅਤੇ ਆਊਟਸੋਰਸ ਵਰਕਰਾਂ ਦੀ ਤਨਖਾਹ ਵਿੱਚ ਇਕਸਾਰਤਾ ਲਿਆਉਣੀ, ਅਪਰੇਸ਼ਨ ਸਟਾਫ ਨੂੰ ਪੰਜਾਬ ਰੋਡਵੇਜ਼ ਦੇ ਬਰਾਬਰ ਹੋਲੀਡੇਜ ਦੇਣੀਆਂ, 113 ਪ੍ਰਤੀਸ਼ਤ ਦੀ ਬਜਾਏ 119 ਪ੍ਰਤੀਸ਼ਤ ਡੀ ਏ ਮਰਜ਼ ਕਰਕੇ ਤਨਖਾਹਾਂ ਫਿਕਸ ਕਰਨੀਆਂ, ਆਊਟ ਸੋਰਸ ਵਰਕਰਾਂ ਦਾ ਅਪੀਲ ਦਾ ਹੱਕ ਬਹਾਲ ਕਰਨਾ, ਲਈ ਆਦਿ ਮੰਗਾਂ ਦਾ ਮੰਗ ਪੱਤਰ ਦਿੱਤਾ ਜਾਵੇਗਾ। ਐਕਸ਼ਨ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਫਰਵਰੀ ਦੇ ਤੀਜੇ ਹਫਤੇ ਮੁੱਖ ਦਫਤਰ ਦੇ ਸਾਹਮਣੇ ਰੋਸ ਧਰਨਾ ਦਿੱਤਾ ਜਾਵੇਗਾ ਅਤੇ ਅਗਲੇ ਐਕਸ਼ਨ ਦਾ ਐਲਾਨ ਵੀ ਕੀਤਾ ਜਾਵੇਗਾ।

ਕਨਵੈਨਸ਼ਨ ਨੂੰ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ, ਗੰਡਾ ਸਿੰਘ, ਹਰਪ੍ਰੀਤ ਸਿੰਘ ਖੱਟੜਾ, ਰਕੇਸ਼ ਕੁਮਾਰ ਦਾਤਾਰਪੁਰੀ, ਇੰਦਰਪਾਲ ਸਿੰਘ ਅਤੇ ਉਤਮ ਸਿੰਘ ਬਾਗੜੀ ਨੇ ਸੰਬੋਧਨ ਕੀਤਾ।

ਆਸ਼ੀਸ਼ ਮਿਸ਼ਰਾ ਬਾਰੇ ਫੈਸਲਾ ਰਾਖਵਾਂ

ਨਵੀਂ ਦਿੱਲੀ : ਲਖੀਮਪੁਰ ਖੀਰੀ ਕਾਂਡ ਸੰਬੰਧੀ ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਦੀ ਸੁਪਰੀਮ ਕੋਰਟ 'ਚ ਜ਼ਮਾਨਤ ਪਟੀਸ਼ਨ ਦਾ ਵਿਰੋਧ ਕਰਦਿਆਂ ਯੂ ਪੀ ਸਰਕਾਰ ਨੇ ਅਪਰਾਧ ਨੂੰ ਘਿਨੌਣਾ ਅਤੇ ਗੰਭੀਰ ਕਰਾਰ ਦਿੱਤਾ ਹੈ। ਯੂ ਪੀ ਦੀ ਐਡੀਸ਼ਨਲ ਐਡਵੋਕੇਟ ਜਨਰਲ ਗਰਿਮਾ ਪ੍ਰਸਾਦ ਨੇ ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜੇ ਕੇ ਮਹੇਸ਼ਵਰੀ ਦੀ ਬੈਂਚ ਨੂੰ ਦੱਸਿਆ ਕਿ ਅਪਰਾਧ ਗੰਭੀਰ ਹੈ। ਜ਼ਮਾਨਤ ਨਾਲ ਸਮਾਜ 'ਚ ਗਲਤ ਸੰਦੇਸ਼ ਜਾਵੇਗਾ। ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ।

ਹਾਕੀ ਨਾਲ ਸ਼ੀਸ਼ਾ ਭੰਨਣ 'ਤੇ ਸਜ਼ਾ

ਲੰਡਨ : ਲੈਸਟਰ ਦੇ 48 ਸਾਲਾ ਜੋਤਿੰਦਰ ਸਿੰਘ ਨੂੰ ਰਿਹਾਇਸ਼ੀ ਕਾਲੋਨੀ 'ਚ ਹਾਕੀ ਸਟਿੱਕ ਨਾਲ ਖਿੜਕੀ ਦਾ ਸ਼ੀਸ਼ਾ ਭੰਨਣ ਸਮੇਤ ਕਈ ਅਪਰਾਧਾਂ ਲਈ ਜੁਰਮਾਨਾ ਕੀਤਾ ਗਿਆ ਹੈ ਅਤੇ ਉਸ ਦੇ ਡਰਾਈਵਿੰਗ ਕਰਨ 'ਤੇ ਪਾਬੰਦੀ ਲਾ ਦਿੱਤੀ ਗਈ ਹੈ।

ਮਾਪੇ ਰਹਿਣ ਸਾਵਧਾਨ

ਨਵੀਂ ਦਿੱਲੀ : ਮਾਪਿਆਂ ਨੂੰ ਸਾਵਧਾਨ ਰਹਿਣਾ ਪੈਣਾ ਹੈ, ਕਿਉਂਕਿ ਬੱਚਿਆਂ ਨੂੰ ਫਸਾਉਣ ਲਈ ਆਨਲਾਈਨ ਮੰਚਾਂ 'ਤੇ ਅਜਨਬੀਆਂ ਵੱਲੋਂ ਜਾਲ ਵਿਛਾਇਆ ਜਾ ਰਿਹਾ ਹੈ। ਨਵੇਂ ਅਧਿਐਨ 'ਚ ਹਿੱਸਾ ਲੈਣ ਵਾਲੇ 424 ਮਾਪਿਆਂ ਵਿੱਚੋਂ 33 ਪ੍ਰਤੀਸ਼ਤ ਨੇ ਕਿਹਾ ਕਿ ਉਨ੍ਹਾਂ ਦੇ ਬੱਚਿਆਂ ਨਾਲ ਦੋਸਤੀ ਕਰਨ, ਨਿੱਜੀ ਅਤੇ ਪਰਵਾਰਕ ਜਾਣਕਾਰੀ ਮੰਗਣ ਅਤੇ ਸੈਕਸ ਸਲਾਹ ਦੇਣ ਲਈ ਆਨਲਾਈਨ ਪਲੇਟਫਾਰਮਾਂ 'ਤੇ ਅਜਨਬੀਆਂ ਵੱਲੋਂ ਸੰਪਰਕ ਕੀਤਾ ਗਿਆ ਸੀ। ਇਹ ਅਧਿਐਨ ਚਾਈਲਡ ਰਾਈਟਸ ਐਂਡ ਯੂ ਅਤੇ ਚਾਣਕਿਆ ਨੈਸ਼ਨਲ ਲਾਅ ਯੂਨੀਵਰਸਿਟੀ ਪਟਨਾ ਨੇ ਸਾਂਝੇ ਤੌਰ 'ਤੇ ਕੀਤਾ।

ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਵੱਲੋਂ ਅਸਤੀਫਾ ਦੇਣ ਦਾ ਐਲਾਨ

ਵੈਲਿੰਗਟਨ : ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੇ ਵੀਰਵਾਰ ਕਿਹਾ ਕਿ ਉਹ ਅਸਤੀਫਾ ਦੇ ਰਹੀ ਹੈ ਅਤੇ 14 ਅਕਤੂਬਰ 'ਚ ਆਮ ਚੋਣਾਂ ਹੋਣਗੀਆਂ। ਉਦੋਂ ਤੱਕ ਉਹ ਸੰਸਦ ਮੈਂਬਰ ਬਣੀ ਰਹੇਗੀ। ਅੱਖਾਂ 'ਚ ਹੰਝੂਆਂ ਨਾਲ ਆਰਡਰਨ ਨੇ ਨੇਪੀਅਰ 'ਚ ਪੱਤਰਕਾਰਾਂ ਨੂੰ ਕਿਹਾ ਕਿ 7 ਫਰਵਰੀ ਪ੍ਰਧਾਨ ਮੰਤਰੀ ਵਜੋਂ ਉਸ ਦਾ ਆਖਰੀ ਦਿਨ ਹੋਵੇਗਾ। ਉਸ ਨੇ ਕਿਹਾ-ਮੇਰੇ ਅਹੁਦੇ ਦਾ ਛੇਵਾਂ ਸਾਲ ਸ਼ੁਰੂ ਹੋਣ ਵਾਲਾ ਹੈ ਅਤੇ ਹਰ ਸਾਲ ਮੈਂ ਆਪਣਾ ਸਰਵਸ੍ਰੇਸ਼ਠ ਪ੍ਰਦਰਸ਼ਨ ਕੀਤਾ ਹੈ।

ਸੌਰਭ ਕਿਰਪਾਲ ਨੂੰ ਜੱਜ ਬਣਾਉਣ ਦੀ ਮੁੜ ਸਿਫਾਰਸ਼

ਨਵੀਂ ਦਿੱਲੀ : ਸੁਪਰੀਮ ਕੋਰਟ ਦੇ ਕਾਲੇਜੀਅਮ ਨੇ ਸੀਨੀਅਰ ਵਕੀਲ ਸੌਰਭ ਕਿਰਪਾਲ ਦੀ ਦਿੱਲੀ ਹਾਈ ਕੋਰਟ ਦੇ ਜੱਜ ਵਜੋਂ ਨਿਯੁਕਤੀ ਲਈ ਆਪਣੀ ਸਿਫਾਰਸ਼ ਦੁਹਰਾਈ ਹੈ। ਕਾਲੇਜੀਅਮ ਨੇ ਕਿਹਾ ਕਿ ਸੌਰਭ ਕਿਰਪਾਲ ਦੀ ਹਾਈ ਕੋਰਟ ਦੇ ਜੱਜ ਵਜੋਂ ਨਿਯੁਕਤੀ ਦੀ ਤਜਵੀਜ਼ ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਲਟਕੀ ਹੋਈ ਹੈ, ਜਿਸ 'ਤੇ ਜਲਦੀ ਫੈਸਲਾ ਕਰਨ ਦੀ ਲੋੜ ਹੈ।

ਸ਼ਰਾਬ ਖਰੀਦਣ ਦੀ ਉਮਰ ਨਾ ਬਦਲਣ ਦਾ ਫੈਸਲਾ

ਬੇਂਗਲੂਰੂ : ਕਰਨਾਟਕ 'ਚ ਸ਼ਰਾਬ ਖਰੀਦਣ ਦੀ ਉਮਰ ਨੂੰ 18 ਸਾਲ ਕਰਨ ਬਾਰੇ ਖਰੜੇ 'ਤੇ ਇਤਰਾਜ਼ ਤੋਂ ਬਾਅਦ ਰਾਜ ਸਰਕਾਰ ਨੇ ਪ੍ਰਸਤਾਵਤ ਸੋਧ ਨੂੰ ਵਾਪਸ ਲੈਣ ਅਤੇ ਉਮਰ 21 ਸਾਲ ਬਰਕਰਾਰ ਰੱਖਣ ਦਾ ਫੈਸਲਾ ਕੀਤਾ ਹੈ। ਕਰਨਾਟਕ ਦੇ ਆਬਕਾਰੀ ਵਿਭਾਗ ਨੇ ਇਸ ਫੈਸਲੇ ਲਈ ਜਨਤਾ, ਐਸੋਸੀਏਸ਼ਨਾਂ ਅਤੇ ਮੀਡੀਆ ਵੱਲੋਂ ਉਠਾਏ ਗਏ ਇਤਰਾਜ਼ਾਂ ਦਾ ਹਵਾਲਾ ਦਿੱਤਾ ਹੈ।

ਕੜਾਕੇ ਦੀ ਠੰਢ ਜਾਰੀ

ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ 'ਚ ਕੜਾਕੇ ਦੀ ਠੰਢ ਜਾਰੀ ਰਹੀ। ਦੋਵਾਂ ਸੂਬਿਆਂ ਦੇ ਜ਼ਿਆਦਾਤਰ ਇਲਾਕਿਆਂ 'ਚ ਘੱਟੋ-ਘੱਟ ਤਾਪਮਾਨ ਆਮ ਨਾਲੋਂ ਹੇਠਾਂ ਰਿਹਾ। ਮੌਸਮ ਵਿਭਾਗ ਅਨੁਸਾਰ ਹਰਿਆਣਾ ਦਾ ਨਾਰਨੌਲ ਸਭ ਤੋਂ ਠੰਢਾ ਸਥਾਨ ਰਿਹਾ, ਜਿੱਥੇ ਘੱਟੋ-ਘੱਟ ਤਾਪਮਾਨ 2.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਰਾਜਧਾਨੀ ਚੰਡੀਗੜ੍ਹ ਦਾ ਘੱਟੋ-ਘੱਟ ਤਾਪਮਾਨ 8.5 ਡਿਗਰੀ ਦਰਜ ਕੀਤਾ ਗਿਆ। ਪੰਜਾਬ ਦੇ ਫਰੀਦਕੋਟ 'ਚ ਰਾਤ ਦਾ ਤਾਪਮਾਨ 4.8, ਬਠਿੰਡਾ 'ਚ 5, ਅੰਮ੍ਰਿਤਸਰ 'ਚ 6.4, ਪਟਿਆਲਾ 'ਚ 7.9 ਤੇ ਪਠਾਨਕੋਟ 'ਚ 8.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

ਸ਼ਰਾਬੀ ਕਾਰ ਦੀ ਤਾਕੀ 'ਚ ਹੱਥ ਦੇ ਕੇ ਸਵਾਤੀ ਨੂੰ ਧੂੰਹਦਾ ਲੈ ਗਿਆ

ਨਵੀਂ ਦਿੱਲੀ : ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲੀਵਾਲ ਨੇ ਕਿਹਾ ਹੈ ਕਿ ਬੁੱਧਵਾਰ ਦੇਰ ਰਾਤ ਜਦੋਂ ਉਹ ਦਿੱਲੀ 'ਚ ਔਰਤਾਂ ਦੀ ਸੁਰੱਖਿਆ ਦੀ ਸਥਿਤੀ ਦਾ ਜਾਇਜ਼ਾ ਲੈ ਰਹੀ ਸੀ ਤਾਂ ਕਾਰ ਦੇ ਡਰਾਈਵਰ ਨੇ ਸ਼ਰਾਬੀ ਹਾਲਤ 'ਚ ਉਸ ਨਾਲ ਛੇੜਛਾੜ ਕੀਤੀ। ਜਦੋਂ ਉਸ ਨੇ ਉਸ ਨੂੰ ਫੜਿਆ ਤਾਂ ਉਸ ਨੇ ਕਾਰ ਦੀ ਤਾਕੀ 'ਚ ਹੱਥ ਦੇ ਦਿੱਤਾ। ਉਹ ਬੰਦਾ ਉਸ ਨੂੰ 15 ਮੀਟਰ ਤੱਕ ਧੂੰਹਦਾ ਲੈ ਗਿਆ। ਰੱਬ ਨੇ ਜਾਨ ਬਚਾਈ। ਜੇ ਦਿੱਲੀ 'ਚ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸੁਰੱਖਿਅਤ ਨਹੀਂ ਹੈ ਤਾਂ ਸਥਿਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਡੀ ਸੀ ਪੀ ਦੱਖਣੀ ਚੰਦਨ ਚੌਧਰੀ ਨੇ ਦੱਸਿਆ ਕਿ ਮਾਲੀਵਾਲ ਦੇ ਅਨੁਸਾਰ ਉਹ ਤੜਕੇ 2.45 ਵਜੇ ਦੇ ਕਰੀਬ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਦੇ ਬਾਹਰ ਆਪਣੀ ਟੀਮ ਦੇ ਨਾਲ ਸੀ। ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਦੀ ਪਛਾਣ ਹਰੀਸ਼ ਚੰਦਰ (47) ਵਜੋਂ ਹੋਈ ਹੈ, ਜੋ ਸੰਗਮ ਵਿਹਾਰ ਦਾ ਰਹਿਣ ਵਾਲਾ ਹੈ।

ਵਾਕ ਇਨ ਇੰਟਰਵਿਊ ਅੱਜ

ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)-ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਐੱਸ ਏ ਐੱਸ ਨਗਰ ਵੱਲੋਂ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਅਵਸਰ ਮੁਹੱਈਆ ਕਰਵਾਉਣ ਲਈ 20 ਜਨਵਰੀ ਨੂੰ ਸਵੇਰੇ 10.00 ਵਜੇ ਵਾਕ ਇਨ ਇੰਟਰਵਿਊ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਕੁਆਡਰੈਂਟ ਟੈਲੀਵੈਂਚਰ ਪ੍ਰਾ: ਲਿਮ: (ਕੁਨੈਕਟ ਬ੍ਰਾਡਬੈਂਡ

20-JAN-PAGE-1.qxd 1/19/2023 10:11 PM Page 2

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ

ਸੰਗਰੂਰ (ਪ੍ਰਵੀਨ ਸਿੰਘ)-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸੰਗਰੂਰ ਵਿਖੇ ਹਰ ਹਫਤੇ ਪਲੇਸਮੈਂਟ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ। ਰਵਿੰਦਰਪਾਲ ਸਿੰਘ ਜ਼ਿਲ੍ਹਾ ਰੋਜ਼ਗਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਸੰਗਰੂਰ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸੰਗਰੂਰ ਵਿਖੇ ਅੱਜ ਆਈ ਸੀ ਆਈ ਸੀ ਆਈ ਬੈਂਕ ਦੇ ਸਹਿਯੋਗ ਸਦਕਾ ਪਲੇਸਮੈਂਟ ਕੈਂਪ ਆਯੋਜਿਤ ਕੀਤਾ ਗਿਆ। ਇਸ ਪਲੇਸਮੈਂਟ ਕੈਂਪ ਵਿੱਚ ਰਿਲੇਸ਼ਨਸ਼ਿਪ ਮੈਨੇਜਰ ਦੀ ਅਸਾਮੀ ਲਈ ਭਰਤੀ ਪ੍ਰਕਿਰਿਆ ਤਹਿਤ ਮੌਕੇ 'ਤੇ ਹੀ 10 ਪ੍ਰਾਰਥੀਆਂ ਦੀ ਚੋਣ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਰੋਜ਼ਗਾਰ ਅਫਸਰ ਵੱਲੋਂ ਪ੍ਰਾਰਥੀਆਂ ਨਾਲ ਗੱਲਬਾਤ ਕਰਦਿਆਂ ਡੀ ਬੀ ਈ ਈ ਸੰਗਰੂਰ ਵਿਖੇ ਉਪਲਬਧ ਸਹੂਲਤਾਂ ਬਾਰੇ ਦੱਸਿਆ ਗਿਆ।

ਸਰਕਾਰੀ ਕਾਲਜ 'ਚ ਸੜਕ ਸੁਰੱਖਿਆ ਸੰਬੰਧੀ ਸੈਮੀਨਾਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)-ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਪ੍ਰਿੰਸੀਪਲ ਸਤਵੰਤ ਕੌਰ ਦੀ ਯੋਗ ਅਗਵਾਈ 'ਚ ਇਤਿਹਾਸ ਵਿਭਾਗ ਵੱਲੋਂ ਸੜਕ ਸੁਰੱਖਿਆ ਸੰਬੰਧੀ ਇੱਕ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਉਚੇਚੇ ਤੌਰ 'ਤੇ ਪੰਜਾਬ ਪੁਲਸ ਦੇ ਹਰਮੰਦਰ ਸਿੰਘ ਏ ਐਸ ਆਈ ਟੀਮ ਇੰਚਾਰਜ, ਗੁਰਜੰਟ ਸਿੰਘ ਜਟਾਣਾ ਏ ਐਸ ਆਈ, ਗੁਰਸੇਵਕ ਸਿੰਘ ਨੈਸ਼ਨਲ ਸਾਇਕਲਿਸਟ, ਇਕਬਾਲ ਸਿੰਘ ਨੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਸਾਇਬਰ ਕਰਾਇਮ ਅਤੇ ਪੰਜਾਬ ਪੁਲਸ ਦੁਆਰਾ ਚੱਲ ਰਹੀਆਂ ਵੱਖ-ਵੱਖ ਮੁਹਿੰਮਾਂ ਤੋਂ ਜਾਣੂ ਕਰਵਾਇਆ ਗਿਆ। ਹਰਮੰਦਰ ਸਿੰਘ ਏ ਐਸ ਆਈ ਨੇ ਵਿਦਿਆਰਥੀਆਂ ਨੂੰ ਵਧ ਰਹੇ ਸਾਇਬਰ ਕਰਾਇਮ ਬਾਰੇ ਜਾਗਰੂਕ ਕੀਤਾ। ਗੁਰਜੰਟ ਸਿੰਘ ਜਟਾਣਾ ਏ ਐਸ ਆਈ ਨੇ ਸੜਕ ਸੁਰੱਖਿਆ ਲਈ ਨਿਯਮਾਂ ਦੀ ਪਾਲਣਾ ਕਰਨ ਦੀ ਹਦਾਇਤ ਦਿੰਦੇ ਹੋਏ ਕਿਹਾ ਕਿ ਸਮਾਜ ਅਤੇ ਕੌਮ ਦੀ ਸੇਵਾ ਲਈ ਵਿਦਿਆਰਥੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਪ੍ਰਿੰਸੀਪਲ ਸਤਵੰਤ ਕੌਰ ਨੇ ਸੜਕੀ ਦੁਰਘਟਨਾਵਾਂ ਦੇ ਮਾਰੂ ਪ੍ਰਭਾਵਾਂ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਸਾਨੂੰ ਸਾਰਿਆਂ ਨੂੰ ਸੜਕ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਕਿਸੇ ਕਿਸਮ ਦੀ ਸੜਕ ਦੁਰਘਟਨਾ ਨਾ ਵਾਪਰੇ। ਪ੍ਰੋ. ਸਾਗਰ ਕੁਮਾਰ ਨੇ ਸੜਕ ਸੁਰੱਖਿਆ ਬਾਰੇ ਦੱਸਦਿਆਂ ਹੋਇਆ ਕਿਹਾ ਕਿ ਸਾਨੂੰ ਵਹੀਕਲ ਚਲਾਉਦੇ ਸਮੇਂ ਢੁੱਕਵੀਂ ਰਫਤਾਰ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਟ੍ਰੈਫਿਕ ਲਾਈਟ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਸੜਕ ਸੁਰੱਖਿਆ ਦੇ ਸੈਮੀਨਾਰ ਵਿੱਚ ਪ੍ਰੋ. ਗੁਰਬਾਜ ਸਿੰਘ, ਪ੍ਰੋ. ਜਗਦੀਪ ਕੁਮਾਰ, ਪ੍ਰੋ. ਹਰਿੰਦਰਜੀਤ ਕੌਰ, ਪ੍ਰੋ. ਰਾਜਵੀਰ ਕੌਰ, ਪ੍ਰੋ. ਹੀਨਾ, ਪ੍ਰੋ. ਕੁਲਵਿੰਦਰ ਸ਼ਰਮਾ, ਪ੍ਰੋ. ਬੂਟਾ ਸਿੰਘ, ਪ੍ਰੋ. ਜੋਬਨਜੀਤ ਸਿੰਘ ਅਤੇ ਵਿਦਿਆਰਥੀ ਹਾਜ਼ਰ ਸਨ।

ਲੋੜਵੰਦ ਬੱਚਿਆਂ ਨੂੰ ਕਿਤਾਬਾਂ ਤੇ ਵਰਦੀਆਂ ਵੰਡੀਆਂ

ਮਮਦੋਟ (ਹਰਪਾਲ ਸਿੰਘ ਸੋਢੀ)-ਮਮਦੋਟ ਬਲਾਕ ਦੇ ਪਿੰਡ ਮਸਤਾ ਗੱਟੀ ਨੰਬਰ ਨੰਬਰ 2 ਦਾਨਾ ਮੰਡੀ ਵਿਖੇ ਕਾਨੂੰਨੀ ਸੇਵਾਵਾ ਸਬੰਧੀ ਇਕ ਕੈਂਪ ਲਗਾਇਆ, ਜਿਸ 'ਚ ਮੁੱਖ ਜ਼ਿਲ੍ਹਾ ਸੈਸ਼ਨ ਜੱਜ ਵੀਰ ਇੰਦਰ ਅਗਰਵਾਲਅਤੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਮੈਡਮ ਏਕਤਾ ਉਪਲ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਇਸ ਦੌਰਾਨ ਬਲਾਕ ਸਿੱਖਿਆ ਅਫਸਰ ਜਸਵਿੰਦਰ ਸਿੰਘ ਮਮਦੋਟ ਵੱਲੋਂ ਇਲਾਕੇ ਦੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਨਾਲ ਜੋੜਨ ਲਈ ਇਨ੍ਹਾਂ ਬੱਚਿਆਂ ਨੂੰ ਕਿਤਾਬਾਂ, ਕਾਪੀਆਂ, ਸਕੂਲ, ਬੂਟ ਤੇ ਸਕੂਲ ਦੀਆਂ ਵਰਦੀਆਂ ਮੁਹੱਈਆ ਕਰਵਾਈਆਂ, ਜਿਸ ਨੂੰ ਜ਼ਿਲ੍ਹਾ ਸ਼ੈਸ਼ਨ ਜੱਜ ਵੀਇੰਦਰ ਅਗਰਵਾਲ ਤੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਮੈਡਮ ਏਕਤਾ ਨੇ ਬੱਚਿਆਂ ਨੂੰ ਕਿਤਾਬਾਂ, ਕਾਪੀਆਂ, ਬੂਟ, ਬੈਗ ਤੇ ਵਰਦੀਆਂ ਵੰਡੀਆਂ। ਇਸ ਮੌਕੇ ਡੀ ਐੱਸ ਪੀ ਸੰਦੀਪ ਸਿੰਘ, ਵਿਜੈ ਬਹਿਲ ਨਾਇਬ ਤਹਿਸੀਲਦਾਰ ਮਮਦੋਟ, ਬੀ ਡੀ ਪੀ ਓ ਸਰਬਜੀਤ ਸਿੰਘ, ਐੱਸ ਐੱਚ ਓ ਲੇਖਰਾਜ ਬੱਟੀ ਮਮਦੋਟ, ਕਾਮਰੇਡ ਹੰਸਾ ਸਿੰਘ ਪ੍ਰਧਾਨ ਸਰਪੰਚ ਯੂਨੀਅਨ ਫਿਰੋਜ਼ਪੁਰ, ਸਰਪੰਚ ਅਨੋਖ ਸਿੰਘ ਮਸਤਾ ਗੱਟੀ ਨੰਬਰ 2, ਸਰਪੰਚ ਹਰਦੀਪ ਸਿੰਘ ਚੱਕ ਭੰਗੇ ਵਾਲਾ, ਸਰਪੰਚ ਸੁਖਵਿੰਦਰ ਸਿੰਘ ਘੋੜੇਚੱਕ, ਸਰਪੰਚ ਸੁਰਜੀਤ ਸਿੰਘ ਮਸਤਾ ਗੱਟੀ ਨੰਬਰ 1 ਆਦਿ ਹਾਜ਼ਰ ਸਨ।

10 ਬੱਚੀਆਂ ਦੀਆਂ ਮਾਵਾਂ ਨੂੰ ਨਿਊਟ੍ਰੀਸ਼ਨ ਕਿੱਟਾਂ ਦਿੱਤੀਆਂ

ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)-ਜ਼ਿਲ੍ਹਾ ਪ੍ਰੋਗਰਾਮ ਅਫਸਰ ਬਰਨਾਲਾ ਕੁਲਵਿੰਦਰ ਸਿੰਘ ਦੀ ਦੇਖ-ਰੇਖ ਤੇ ਬਾਲ ਵਿਕਾਸ ਪ੍ਰਾਜੈਕਟ ਅਫਸਰ ਬਰਨਾਲਾ ਅਰਵਿੰਦਰ ਸਿੰਘ ਭੱਟੀ ਦੀ ਅਗਵਾਈ 'ਚ 'ਧੀਆਂ ਦੀ ਲੋਹੜੀ' ਦਾ ਸਮਾਗਮ ਵਾਰਡ ਨੰਬਰ 9 ਬਰਨਾਲਾ ਵਿਖੇ ਕਰਵਾਇਆ ਗਿਆ। ਇਸ ਮੌਕੇ ਅਰਵਿੰਦਰ ਸਿੰਘ ਭੱਟੀ ਨੇ ਦੱਸਿਆ ਕਿ ਇਸ ਮੌਕੇ 10 ਬੱਚੀਆਂ ਦੀਆਂ ਮਾਵਾਂ ਨੂੰ ਮਾਰਕਫੈੱਡ ਦੀਆਂ ਨਿਊਟ੍ਰੀਸ਼ਨ ਕਿੱਟਾਂ ਦਿੱਤੀਆਂ ਗਈਆਂ ਤੇ ਉਨ੍ਹਾਂ ਨੂੰ ਪੌਸ਼ਟਿਕ ਭੋਜਨ ਬਾਰੇ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਉਨ੍ਹਾ ਦੱਸਿਆ ਕਿ ਸਮਾਜਿਕ ਸੁਰੱਖਿਆ ਵਿਭਾਗ ਦੇ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਸਾਰੇ ਬਲਾਕਾਂ ਵਿੱਚ ਧੀਆਂ ਦੀ ਲੋਹੜੀ ਦਾ ਹਫ਼ਤਾ ਮਨਾਇਆ ਜਾ ਰਿਹਾ ਹੈ ਤਾਂ ਜੋ ਧੀਆਂ ਨੂੰ ਬਰਾਬਰ ਦੇ ਮੌਕੇ ਦੇਣ ਬਾਰੇ ਲੋਕਾਂ ਨੂੰ ਪ੍ਰੇਰਿਤ ਕੀਤਾ ਜਾ ਸਕੇ।

ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ ਨੇ ਜ਼ਖ਼ਮੀ ਗਊ ਦਾ ਇਲਾਜ ਕੀਤਾ

ਜਗਰਾਉਂ (ਅਮਿਤ ਖੰਨਾ)-ਨਾਨਕਸਰ ਦੇ ਨਜ਼ਦੀਕੀ ਪੈਂਦੇ ਹੀਰਾ ਐਨੀਮਲਜ ਹਸਪਤਾਲ ਸੁਸਾਇਟੀ ਵੱਲੋਂ ਬੁਰੀ ਤਰ੍ਹਾਂ ਜ਼ਖ਼ਮੀ ਹੋਈ ਗਊ ਦਾ ਇਲਾਜ ਕੀਤਾ ਗਿਆ, ਜੋ ਸਿੱਧਵਾਂ ਬੇਟ ਰੋਡ ਰਾਮਗੜ੍ਹ ਭੁੱਲਰ ਵਿਖੇ ਐਕਸੀਡੈਂਟ ਹੋਣ ਕਾਰਨ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਸੀ। ਹੀਰਾ ਐਨੀਮਲਜ ਹਸਪਤਾਲ ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਸਿੱਧਵਾਂ ਬੇਟ ਰੋਡ ਪਿੰਡ ਰਾਮਗੜ੍ਹ ਭੁੱਲਰ ਵਿਖੇ ਜ਼ਖ਼ਮੀ ਹੋਈ ਗਊ, ਜਿਸ ਦੀ ਐਕਸੀਡੈਂਟ ਹੋਣ ਕਾਰਨ ਲੱਤ ਟੁੱਟ ਗਈ ਸੀ ਦੀ ਸੂਚਨਾ ਹੀਰਾ ਐਨੀਮਲਜ ਹਸਪਤਾਲ ਨੂੰ ਮਿਲੀ ਸੀ , ਜਿਸ ਦਾ ਅੱਜ ਇਲਾਜ ਕੀਤਾ ਗਿਆ ਤੇ ਉਸ ਦੀ ਹੋਰ ਸੇਵਾ ਸੰਭਾਲ ਤੇ ਇਲਾਜ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਹੀਰਾ ਐਨੀਮਲਜ ਹਸਪਤਾਲ ਵਿਖੇ ਦਾਨੀ ਤੇ ਸਹਿਯੋਗੀ ਵੀਰਾਂ ਦੇ ਸਹਿਯੋਗ ਨਾਲ ਹੀ ਜ਼ਖ਼ਮੀ ਗਊਆਂ ਤੇ ਜੀਵਾਂ ਦਾ ਨਿਸ਼ਕਾਮ ਇਲਾਜ ਕੀਤਾ ਜਾਂਦਾ ਹੈ ਤੇ ਉਨ੍ਹਾਂ ਦੀ ਸੇਵਾ ਸੰਭਾਲ ਵੀ ਕੀਤੀ ਜਾਂਦੀ ਹੈ। ਇਸ ਮੌਕੇ ਉਨ੍ਹਾਂ ਨਾਲ ਕਾਕਾ ਪੰਡਿਤ ਸੇਵਾਦਾਰ, ਦਵਿੰਦਰ ਸਿੰਘ ਢਿੱਲੋਂ, ਹਰਪ੍ਰੀਤ ਸਿੰਘ ਗੁਰੂਸਰ, ਸੁੱਖੀ ਕਾਉਂਕੇ, ਗੁਰਵਿੰਦਰ ਸਿੰਘ ਕਾਉਂਕੇ ਸਮੇਤ ਹੋਰ ਵੀ ਹਸਪਤਾਲ ਦੇ ਸੇਵਾਦਾਰ ਹਾਜ਼ਰ ਸਨ।

ਰਿਟੇਲ ਕਰਿਆਨਾ ਮਰਚੈਂਟਸ ਦੀਆਂ ਮੰਗਾਂ ਤੇ ਮੁਸ਼ਕਲਾਂ ਵਿਚਾਰੀਆਂ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬ ਰਿਟੇਲ ਕਰਿਆਨਾ ਮਰਚੈਂਟਸ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਪ੍ਰਮੋਦ ਗੁਪਤਾ ਦੇ ਦਫ਼ਤਰ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਮਾਤਾ ਸ੍ਰੀਮਤੀ ਹਰਪਾਲ ਕੌਰ ਮਾਨ ਪੁੱਜੇ। ਸੂਬਾ ਪ੍ਰਧਾਨ ਪਰਮੋਦ ਗੁਪਤਾ ਨੇ ਮਾਤਾ ਹਰਪਾਲ ਕੌਰ ਮਾਨ ਨੂੰ ਰਿਟੇਲ ਕਰਿਆਨਾ ਮਰਚੈਂਟਸ ਦੀਆਂ ਮੰਗਾਂ ਬਾਰੇ ਜਾਣੂ ਕਰਾਉਂਦਿਆਂ ਮੰਗ ਕੀਤੀ ਕਿ ਟੈਕਸ ਰਾਹੀਂ ਪੰਜਾਬ ਸਰਕਾਰ ਦਾ ਖ਼ਜ਼ਾਨਾ ਭਰਨ ਵਾਲੇ ਵਪਾਰੀਆਂ ਨੂੰ ਸਿੰਗਲ ਯੂਜ ਪਲਾਸਟਿਕ ਸੰਬੰਧੀ ਦਰਪੇਸ਼ ਮੁਸ਼ਕਲਾਂ ਦੇ ਹੱਲ, ਜੀ.ਐਸ.ਟੀ ਪ੍ਰਕ੍ਰਿਆ ਸਰਲ ਕਰਨ, ਸਿਹਤ ਵਿਭਾਗ ਵੱਲੋਂ ਕੀਤੀ ਜਾਂਦੀ ਸੈਂਪਲਿੰਗ ਪ੍ਰਕਿਆ ਨੂੰ ਬਦਲਣ, ਨਾਪਤੋਲ ਵਿਭਾਗ ਦੀ ਬੇਲੋੜੀ ਦਖ਼ਲਅੰਦਾਜ਼ੀ ਨੂੰ ਬੰਦ ਕਰਨ, ਕਿਸੇ ਅਣਸੁਖਾਵੀਂ ਘਟਨਾ ਦੌਰਾਨ ਵਪਾਰੀ ਦੀ ਆਰਥਿਕ ਮੱਦਦ ਲਈ ਵਪਾਰੀ ਰਾਹਤ ਕੋਸ਼ ਬਨਾਉਣ, ਵਪਾਰ ਨੂੰ ਬਚਾਉਣ ਲਈ ਬਹੁ-ਰਾਸ਼ਟਰੀ ਕੰਪਨੀਆਂ 'ਤੇ ਵਾਧੂ ਟੈਕਸ ਲਾਉਣ ਬਾਰੇ ਜਾਣੂ ਕਰਾਇਆ। ਮਾਤਾ ਹਰਪਾਲ ਕੌਰ ਮਾਨ ਨੇ ਵਿਸ਼ਵਾਸ ਦਿਵਾਇਆ ਕਿ ਪੰਜਾਬ ਦੀ ਸਰਕਾਰ ਵਪਾਰੀਆਂ ਦੇ ਨਾਲ ਖੜੀ ਹੈ ਤੇ ਜਲਦੀ ਹੀ ਉਹ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੰਗਾਂ ਨੂੰ ਹਮਦਰਦੀ ਨਾਲ ਵਿਚਾਰਣ ਲਈ ਕਹਿਣਗੇ।

ਟੁੱਟੀ ਰੇਲਿੰਗ ਦੇ ਰਹੀ ਸੜਕ ਹਾਦਸਿਆਂ ਨੂੰ ਸੱਦਾ

ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)

ਤਪਾ-ਤਾਜੋਕੇ ਰੋਡ 'ਤੇ ਸਥਿਤ ਰੀਦੇ ਨਾਲੇ ਦੇ ਪੁਲ ਤੇ ਲੰਬੇ ਸਮੇਂ ਤੋਂ ਰੇਲਿੰਗ ਨਾ ਹੋਣ ਕਾਰਨ ਹਰ ਸਮੇਂ ਹਾਦਸਾ ਹੋਣ ਦਾ ਡਰ ਬਣਿਆ ਰਹਿੰਦਾ ਹੈ, ਜਿਸ ਕਾਰਨ ਆਉਣ-ਜਾਣ ਵਾਲੇ ਰਾਹਗੀਰਾਂ 'ਚ ਪ੍ਰਸ਼ਾਸਨ ਖਿਲਾਫ਼ ਰੋਸ ਪਾਇਆ ਜਾ ਰਿਹਾ ਹੈ।

ਰਾਹਗੀਰਾਂ ਗੁਰਜੰਟ ਸਿੰਘ, ਬੂਟਾ ਸਿੰਘ, ਗੁਰਪ੍ਰੀਤ ਸਿੰਘ, ਗੁਰਮੇਲ ਸਿੰਘ, ਕੁਲਵੰਤ ਸਿੰਘ, ਜੰਗ ਸਿੰਘ, ਜਗਦੀਸ਼ ਸਿੰਘ ਆਦਿ ਦਾ ਕਹਿਣਾ ਹੈ ਕਿ ਇਸ ਰਾਸਤੇ ਰਾਹੀਂ ਛੋਟੇ ਵੱਡੇ ਵਹੀਕਲ ਦਿਨ-ਰਾਤ ਲੰਘਦੇ ਹਨ ਤੇ ਕਈ ਪਿੰਡਾਂ ਦੇ ਲੋਕ ਸ਼ਹਿਰ 'ਚ ਖਰੀਦਦਾਰੀ ਕਰਨ ਲਈ ਆਉਂਦੇ ਰਹਿੰਦੇ ਹਨ, ਪਰ ਪੁਲ ਦੀ ਰੇਲਿੰਗ ਟੁੱਟਣ ਕਾਰਨ ਵਹੀਕਲ ਦਾ ਡਿੱਗਣ ਦਾ ਡਰ ਹੋਣ ਕਾਰਨ ਰਾਤ ਸਮੇਂ ਲੰਬਾ ਰਾਸਤਾ ਤੈਅ ਕਰਕੇ ਜਾਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਅੰਗਰੇਜ਼ਾਂ ਸਮੇਂ ਦਾ ਬਣਿਆ ਤੰਗ ਪੁਲ਼ ਹਾਦਸੇ ਹੁੰਦੇ ਰਹਿੰਦੇ ਹਨ ਅਤੇ ਕਈ ਵਾਰ ਪੁਲ 'ਚ 1-2 ਦੋ ਪਹੀਆ, ਚਾਰ ਪਹੀਆ ਵਾਹਨ ਡਿੱਗ ਵੀ ਗਏ ਸੀ, ਪਰ ਪ੍ਰਸ਼ਾਸਨ ਇਸ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਰਿਹਾ।

ਰਾਹਗੀਰਾਂ ਨੇ ਦੱਸਿਆ ਕਿ ਬਰਸਾਤਾਂ ਸਮੇਂ ਪੁਲ਼ ਪਾਣੀ ਨਾਲ ਓਵਰਫਲੋਅ ਹੋ ਜਾਂਦਾ ਹੈ, ਲੋਕ ਡਰਦੇ ਮਾਰੇ ਹੋਰ ਰਾਸਤੇ 'ਚੋਂ ਹੋ ਕੇ ਆਪਣੇ ਪਿੰਡਾਂ 'ਚ ਪਹੁੰਚਦੇ ਹਨ। ਲੋਕਾਂ ਦੀ ਮੰਗ ਹੈ ਕਿ ਇਸ ਪੁਲ ਦੀ ਰੇਲਿੰਗ ਦੀ ਮੁਰੰਮਤ ਕਰਕੇ ਬਣਾਈ ਜਾਵੇ ਤੇ ਹਾਦਸਿਆਂ ਤੋਂ ਬਚਾਇਆ ਜਾਵੇ। ਪਿੰਡਾਂ ਦੇ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਪੁਲ਼ ਨਜ਼ਦੀਕ ਗੁਰਦੁਆਰਾ ਸਾਹਿਬ 'ਚ ਸਾਲ 'ਚ ਦੋ ਵਾਰ ਜੋੜ ਮੇਲੇ ਲੱਗਦੇ ਹਨ, ਜਿਥੇ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਪਹੁੰਚ ਕੇ ਨਤਮਸਤਕ ਹੁੰਦੀਆਂ ਹਨ।

ਮਾਘੀ ਮੇਲੇ 'ਚ ਤਰਕਸ਼ੀਲਾਂ ਨੇ ਪਾਈ ਪੁਸਤਕ ਸੰਵਾਦ ਦੀ ਪਿਰਤ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)-ਮੁਕਤਸਰ ਦੇ ਮਾਘੀ ਮੇਲੇ 'ਚ ਪਿਛਲੇ ਦੋ ਦਹਾਕਿਆਂ ਤੋਂ ਲੱਗ ਰਹੇ ਤਰਕਸ਼ੀਲ ਲੋਕ ਨਾਟ ਮੇਲੇ ਨੇ ਮੇਲੀਆਂ ਦੇ ਹੱਥਾਂ ਵਿੱਚ ਪੁਸਤਕਾਂ ਪੁਜਦੀਆਂ ਕਰਨ ਦੀ ਪਿਰਤ ਪਾਈ ਹੈ। ਨਾਟਕਾਂ, ਗੀਤਾਂ ਤੇ ਹੋਰਨਾਂ ਪੇਸ਼ਕਾਰੀਆਂ ਦੇ ਨਾਲ ਨਾਲ ਪੁਸਤਕਾਂ ਨਾਲ ਸੰਵਾਦ ਰਚਾਉਣ ਦੀ ਪ੍ਰੇਰਨਾ ਲੋਕਾਂ ਦੇ ਮਨ ਮਸਤਕ 'ਚ ਵਸਣ ਲੱਗੀ ਹੈ। ਨਾਟ ਮੇਲੇ 'ਚ ਲਗਦੀ ਪੁਸਤਕ ਪ੍ਰਦਰਸ਼ਨੀ ਤੋਂ ਹਰ ਉਮਰ ਵਰਗ ਦੇ ਦਰਸ਼ਕ ਪੁਸਤਕਾਂ ਵੱਲ ਅਹੁਲਦੇ ਹਨ। ਪੁਸਤਕ ਸੱਭਿਆਚਾਰ ਨਾਲ ਸਮਾਜ ਨੂੰ ਸਾਵੇਂ ਸੁਖਾਵੇਂ ਰਾਹ ਤੋਰਨ ਜੁਟੇ ਕਾਮਿਆਂ ਮਾਸਟਰ ਕੁਲਜੀਤ ਡੰਗਰ ਖੇੜਾ ਤੇ ਰਾਮ ਸਵਰਨ ਲੱਖੇਵਾਲੀ ਦੇ ਯਤਨਾਂ ਨੂੰ ਪੈਂਦਾ ਬੂਰ ਨਜ਼ਰ ਆਉਣ ਲੱਗਾ ਹੈ। ਮੇਲੇ 'ਤੇ ਆਉਂਦੇ ਮਾਪੇ ਆਪਣੇ ਬੱਚਿਆਂ ਲਈ ਪੁਸਤਕਾਂ ਖਰੀਦਣ ਲੱਗੇ ਹਨ। ਪੁਸਤਕ ਪ੍ਰਦਰਸ਼ਨੀ ਤੋਂ ਨੌਜਵਾਨ, ਕਿਸਾਨ, ਮਜ਼ਦੂਰ ਤੇ ਡਿਊਟੀ 'ਤੇ ਆਉਂਦੇ ਪੁਲਸ ਮੁਲਾਜ਼ਮ ਵੀ ਪੁਸਤਕਾਂ ਲੈਂਦੇ ਹਨ। ਪੁਸਤਕ ਸਟਾਲ 'ਤੇ ਪੁਸਤਕਾਂ ਤੇ ਪਾਠਕਾਂ ਦਾ ਮੇਲ ਕਰਵਾ ਰਹੇ ਸ਼ਿਵਰਾਜ ਖੁੰਡੇ ਹਲਾਲ ਨੇ ਦੱਸਿਆ ਕਿ ਐਤਕੀਂ ਮੇਲੇ 'ਚ ਪਾਠਕਾਂ ਦਾ ਹੁੰਗਾਰਾ ਉਤਸ਼ਾਹਜਨਕ ਰਿਹਾ। ਤੇ ਦੇਵ ਪੁਰਸ਼ ਹਾਰ ਗਏ, ਤਰਕ ਦੀ ਸਾਣ 'ਤੇ, ਸ਼ਹੀਦਾਂ ਦੇ ਅੰਗ ਸੰਗ, ਸਾਹਿਤ ਸੰਜੀਵਨੀ, ਸਮਾਜ ਤੇ ਮਾਨਸਿਕ ਰੋਗ, ਸ਼ਹੀਦ ਏ ਆਜ਼ਮ ਦੀ ਜੇਲ੍ਹ ਡਾਇਰੀ, ਇਲਮ ਤੋਂ ਇਖਲਾਕ ਤੱਕ ਆਦਿ ਪੁਸਤਕਾਂ ਮੇਲੀਆਂ ਦੀ ਪਹਿਲੀ ਪਸੰਦ ਬਣੀਆਂ। ਤਰਕਸ਼ੀਲ ਮੈਗਜ਼ੀਨ ਖਰੀਦਣ ਵਿੱਚ ਵੀ ਪਾਠਕਾਂ ਨੇ ਦਿਲਚਸਪੀ ਵਿਖਾਈ। ਸ਼ਹੀਦ ਭਗਤ ਸਿੰਘ ਦੀ ਤਸਵੀਰ ਵਾਲਾ ਕੈਲੰਡਰ ਪਾਠਕਾਂ ਦੇ ਹੱਥਾਂ ਦਾ ਸੁਹਜ ਬਣਿਆ। ਮੇਰਾ ਪਿੰਡ, ਉਦਾਸੀ ਕਾਵਿ

20-Jan-PAGE-3.qxd 1/19/2023 10:35 PM Page 1

ਪ੍ਰੀਖਿਆਵਾਂ ਮੁਲਤਵੀ, 250 ਕਾਲਜ ਤੇ 5 ਰਾਜ 'ਵਰਸਿਟੀਆਂ ਪ੍ਰਭਾਵਤ

ਫਗਵਾੜਾ (ਡਾ. ਰਮਨ)

ਸੰਯੁਕਤ ਐਕਸ਼ਨ ਕਮੇਟੀ ਵੱਲੋਂ ਮਿਤੀ 9/1/2023 ਨੂੰ ਕੀਤੇ ਗਏ ਫੈਸਲੇ ਅਨੁਸਾਰ 18/01/2023 ਨੂੰ ਸੂਬੇ ਵਿੱਚ ਉਚੇਰੀ ਸਿੱਖਿਆ ਪੂਰੀ ਤਰ੍ਹਾਂ ਬੰਦ ਸੀ। ਸਾਰੇ 136 ਗੈਰ-ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ, 58 ਗੈਰ-ਸਹਾਇਤਾ ਪ੍ਰਾਪਤ ਕਾਲਜਾਂ ਨੇ ਜੇਏਸੀ ਦੁਆਰਾ ਦਿੱਤੇ ਗਏ ਸੱਦੇ 'ਤੇ ਕੁੱਲ ਬੰਦ ਮਨਾਇਆ ਜਦੋਂਕਿ ਸਰਕਾਰੀ ਕਾਲਜਾਂ ਅਤੇ ਰਾਜ ਦੀਆਂ 5 ਯੂਨੀਵਰਸਿਟੀਆਂ ਨੇ ਸੱਦੇ ਦੇ ਸਮਰਥਨ ਵਿੱਚ 2 ਘੰਟੇ ਦਾ ਧਰਨਾ ਦਿੱਤਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਂਅ ਜ਼ਿਲ੍ਹਾ ਹੈੱਡਕੁਆਰਟਰ ਵਿਖੇ ਡਿਪਟੀ ਕਮਿਸਨਰਾਂ ਨੂੰ ਮੰਗ ਪੱਤਰ ਸੌਂਪੇ ਗਏ। ਅੰਮ੍ਰਿਤਸਰ ਵਿੱਚ ਪੀਸੀਸੀਟੀਯੂ ਦੇ ਕਪੂਰਥਲਾ ਜ਼ਿਲ੍ਹਾ ਪ੍ਰਧਾਨ ਡਾ: ਯੋਗੇਸ਼ ਸ਼ਰਮਾ ਦੀ ਅਗਵਾਈ ਹੇਠ ਵਧੀਕ ਡਿਪਟੀ ਕਮਿਸ਼ਨਰ ਲਾਲ ਬਿਸਵਾਸ ਬੈਂਸ ਨੂੰ ਮੰਗ ਪੱਤਰ ਦਿੱਤਾ ਗਿਆ। ਸ਼ਰਮਾ ਵੱਲੋਂ ਪ੍ਰੈਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਭਗਵੰਤ ਸਿੰਘ ਮਾਨ ਸਰਕਾਰ ਗੈਰ-ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਕੰਮ ਕਰਦੇ ਅਧਿਆਪਕਾਂ ਦੀਆਂ ਹੱਕੀ ਮੰਗਾਂ ਵੱਲ ਕੰਨ ਨਹੀਂ ਲਗਾ ਰਹੀ ਹੈ। ਪੰਜਾਬ ਸਰਕਾਰ ਵੱਲੋਂ 1979 ਵਿੱਚ ਗ੍ਰਾਂਟ ਇਨ ਏਡ ਐਕਟ ਲਾਗੂ ਕੀਤੇ ਜਾਣ ਤੋਂ ਬਾਅਦ ਪੰਜਾਬ ਦੇ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਕੰਮ ਕਰਦੇ ਅਧਿਆਪਕਾਂ ਦੀ ਸੇਵਾਮੁਕਤੀ ਦੀ ਉਮਰ 60 ਸਾਲ ਦਿੱਤੀ ਗਈ ਹੈ। ਏਡਿਡ ਕਾਲਜ ਸਟਾਫ ਨੂੰ ਪੈਨਸ਼ਨ ਨਹੀਂ ਮਿਲ ਰਹੀ ਇਸ ਲਈ ਸੇਵਾਮੁਕਤੀ ਦੀ ਉਮਰ ਸਰਕਾਰ ਕਰਮਚਾਰੀ ਅਨੁਸਾਰ ਨਹੀਂ ਹੋਣੀ ਚਾਹੀਦੀ। । ਸਹਾਇਤਾ ਪ੍ਰਾਪਤ ਕਾਲਜਾਂ ਦਾ ਸਟਾਫ ਯੂਨੀਵਰਸਿਟੀ ਕੈਲੰਡਰ ਦੇ ਅਧੀਨ ਹੈ ਜੋ ਕਾਲਜ ਅਤੇ ਯੂਨੀਵਰਸਿਟੀ ਦੇ ਅਧਿਆਪਕਾਂ ਦੀ ਸੇਵਾਮੁਕਤੀ ਦੀ ਉਮਰ 60 ਸਾਲ ਦਰਸਾਉਂਦਾ ਹੈ। ਯੂ.ਜੀ.ਸੀ. ਰਿਟਾਇਰਮੈਂਟ ਦੀ ਉਮਰ 65 ਸਾਲ ਕਰਨ ਦੀ ਸਿਫਾਰਸ਼ ਕਰ ਰਹੀ ਹੈ । ਇੱਥੇ ਵਰਣਨਯੋਗ ਹੈ ਕਿ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਸਮੇਂ ਏ.ਪੀ.ਪੀ. ਦੇ ਮੁਖੀ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਭਗਵੰਤ ਮਾਨ ਨੇ ਸਾਡੇ ਨਾਲ 7ਵੇਂ ਤਨਖਾਹ ਕਮਿਸ਼ਨ ਨੂੰ ਸੰਪੂਰਨ ਰੂਪ ਵਿੱਚ ਲਾਗੂ ਕਰਨ ਦਾ ਵਾਅਦਾ ਕੀਤਾ ਸੀ ਅਤੇ ਦਿੱਲੀ ਅਤੇ ਸਾਰੇ ਰਾਜਾਂ ਦੇ ਕਾਲਜਾਂ ਵਿੱਚ ਵੀ 60 ਸਾਲ ਦੀ ਰਿਟਾਇਰਮੈਂਟ ਦੀ ਉਮਰ ਹੈ। ਅਸੀਂ ਸੂਬਾ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਬਿਨਾਂ ਕਿਸੇ ਦੇਰੀ ਤੋਂ ਸੇਵਾਮੁਕਤੀ ਦੀ ਉਮਰ 60 ਸਾਲ ਬਹਾਲ ਕੀਤੀ ਜਾਵੇ ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਤੇਜ ਕੀਤਾ ਜਾਵੇਗਾ। ਏਡਿਡ ਕਾਲਜ ਮੈਨੇਜਮੈਂਟ ਫੈਡਰੇਸ਼ਨ ਦੇ ਪ੍ਰਧਾਨ ਰਜਿੰਦਰ ਮੋਹਨ ਸਿੰਘ ਛੀਨਾ ਨੇ ਮੀਡੀਆ ਨੂੰ ਦੱਸਿਆ ਕਿ ਪੰਜਾਬ ਦੇ ਕਾਲਜ ਕੇਂਦਰਿਤ ਦਾਖਲਾ ਪੋਰਟਲ ਸ਼ੁਰੂ ਕਰਨ ਅਤੇ ਸੇਵਾ-ਮੁਕਤੀ ਦੀ ਉਮਰ 58 ਸਾਲ ਘਟਾਉਣ ਸਮੇਤ ਅਧਿਆਪਕਾਂ ਦੇ ਸੇਵਾ ਨਿਯਮਾਂ ਨਾਲ ਛੇੜਛਾੜ ਕਰਨ ਦੇ ਸਰਕਾਰ ਦੇ ਮਨਮਾਨੇ ਅਤੇ ਪੱਖਪਾਤੀ ਫੈਸਲੇ ਵਿਰੁੱਧ ਵੀ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਤੇ ਉਚੇਰੀ ਸਿੱਖਿਆ ਮੰਤਰੀ ਨੇ ਪੰਜਾਬ ਵਿੱਚ ਉੱਚ ਸਿੱਖਿਆ ਨੂੰ ਦਰਪੇਸ਼ ਮੁੱਦਿਆਂ 'ਤੇ ਵਿਚਾਰ ਕਰਨ ਲਈ ਮੀਟਿੰਗ ਦਾ ਸਮਾਂ ਵੀ ਨਹੀਂ ਦਿੱਤਾ ਹੈ। ਹੁਣ ਵੀ ਅਸੀਂ ਸਰਕਾਰ ਨੂੰ ਪੰਜਾਬ ਦੇ ਕਾਲਜਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ

ਕਰਨ ਦੀ ਅਪੀਲ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਪੰਜਾਬ ਦੀ ਉਚੇਰੀ ਸਿੱਖਿਆ 'ਤੇ ਮਾੜਾ ਅਸਰ ਪਵੇਗਾ ਅਤੇ ਇਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਪੀਸੀਸੀਟੀਯੂ ਦੇ ਪ੍ਰਧਾਨ ਡਾ. ਵਿਨੈ ਸੋਫਤ ਨੇ ਕਿਹਾ ਕਿ ਅਧਿਆਪਕ ਦੀ ਸੇਵਾਮੁਕਤੀ ਦੀ ਉਮਰ ਸਬੰਧੀ ਸੇਵਾ ਨਿਯਮਾਂ ਨਾਲ ਛੇੜਛਾੜ ਸੰਸਥਾ ਨੂੰ ਕਿਸੇ ਵੀ ਕੀਮਤ 'ਤੇ ਮਨਜ਼ੂਰ ਨਹੀਂ ਹੈ। ਪੀ.ਸੀ.ਸੀ.ਟੀ.ਯੂ. ਨੇ ਸਹਾਇਤਾ ਪ੍ਰਾਪਤ ਕਾਲਜਾਂ ਦੇ ਅਧਿਆਪਕਾਂ ਦੀ ਸੇਵਾਮੁਕਤੀ ਦੀ ਉਮਰ 58 ਸਾਲ ਕਰਨ ਦੇ ਪ੍ਰਸਤਾਵਿਤ ਪ੍ਰਸਤਾਵ ਬਾਰੇ ਸਰਕਾਰ ਦੇ ਤਾਜਾ ਨੋਟੀਫਿਕੇਸ਼ਨ 'ਤੇ ਸਖਤ ਨਾਰਾਜਗੀ ਜਾਹਰ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਨਾਲ ਲੜਾਈ ਲੜਨ ਦਾ ਫੈਸਲਾ ਕੀਤਾ ਹੈ। ਲੋੜ ਪੈਣ 'ਤੇ ਅੰਦੋਲਨ ਹੋਰ ਤੇਜ ਕੀਤਾ ਜਾਵੇਗਾ ਜਿਸ ਦੀ ਸਾਰੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ। ਡਾ: ਸੋਫਤ ਨੇ ਕਿਹਾ ਕਿ ਆਨਲਾਈਨ ਦਾਖਲੇ ਲਈ ਸਰਕਾਰ ਦਾ ਕਦਮ ਅਸੰਭਵ ਹੈ ਕਿਉਂਕਿ ਇਸ ਨਾਲ ਕਾਲਜਾਂ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਪ੍ਰੇਸ਼ਾਨੀ ਹੋਵੇਗੀ। ਬੀ.ਐੱਡ ਅਤੇ ਲਾਅ ਕਾਲਜਾਂ ਵਿੱਚ ਪਹਿਲਾਂ ਹੀ ਅਜਿਹੀਆਂ ਡਰਾਈਵਾਂ ਪਿਛਲੇ ਸਮੇਂ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਗ੍ਰਾਂਟ ਇਨ ਏਡ ਸਕੀਮ ਵਿੱਚ ਅਜਿਹਾ ਕੋਈ ਉਪਬੰਧ ਨਹੀਂ ਹੈ ਜੋ ਸਰਕਾਰ ਨੂੰ ਸਰਕਾਰੀ ਵਿਭਾਗਾਂ ਦੁਆਰਾ ਸਹਾਇਤਾ ਪ੍ਰਾਪਤ ਕਾਲਜਾਂ ਦੀ ਦਾਖਲਾ ਪ੍ਰਕਿਰਿਆ ਨੂੰ ਆਪਣੇ ਕਬਜੇ ਵਿੱਚ ਲੈਣ ਦਾ ਅਧਿਕਾਰ ਦਿੰਦਾ ਹੈ, ਇਸ ਫੈਸਲੇ ਨੂੰ ਗੈਰ-ਕਾਨੂੰਨੀ ਅਤੇ ਰੱਦ ਕਰ ਦਿੱਤਾ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ ਨੂੰ ਉਨ੍ਹਾਂ ਦੇ ਦਫਤਰ ਅੰਮ੍ਰਿਤਸਰ ਵਿਖੇ ਮੰਗ ਪੱਤਰ ਸੌਂਪਣ ਸਮੇਂ ਪ੍ਰਿੰਸੀਪਲ ਜਸਬੀਰ ਕੌਰ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਰਜਨੀ ਬਾਲਾ, ਪ੍ਰੋ. ਰਾਜਬੀਰ ਕੌਰ ਅਤੇ ਪ੍ਰੋ. ਸਵਿੰਦਰ ਅਰੋੜਾ ਸਮੇਤ ਵੱਡੀ ਗਿਣਤੀ ਅਧਿਆਪਕ ਮੌਜੂਦ ਸਨ।

ਜ਼ੀਰਾ ਸ਼ਰਾਬ ਫੈਕਟਰੀ 'ਤੇ ਲੋਕ ਏਕਤਾ ਦੀ ਜਿੱਤ : ਕਿਸਾਨ ਆਗੂ

ਚੋਹਲਾ ਸਾਹਿਬ (ਰਮਨ ਚੱਡਾ)

ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਹਰਜੀਤ ਸਿੰਘ ਰਵੀ, ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਸੁਖਦੇਵ ਸਿੰਘ ਅਰਾਈਆਂਵਾਲਾ ਅਤੇ ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਤਰਸੇਮ ਸਿੰਘ ਕਲਸੀ ਨੇ ਪ੍ਰੈਸ ਨਾਲ ਗੱਲਬਾਤ ਸਾਂਝੀ ਕਰਦਿਆਂ ਕਿਹਾ ਕਿ ਹਵਾ , ਪਾਣੀ ਅਤੇ ਜ਼ਮੀਨ ਦੀ ਪਵਿੱਤਰਤਾ ਲਈ ਲੋਕਾਂ ਵੱਲੋਂ ਦਲੀਲ ਅਤੇ ਅਸੂਲ ਦੀ ਲੜੀ ਲੜਾਈ ਨੇ ਪੰਜਾਬ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ ਅਤੇ ਦਿੱਲੀ ਕਿਸਾਨ ਮੋਰਚੇ ਦੀ ਜਿੱਤ ਵਾਂਗੂੰ ਇਹ ਦੱਸ ਦਿੱਤਾ ਕਿ ਜੇ ਲੋਕ ਆਪਣے ਹੱਕਾਂ ਦੀ ਲੜਾਈ ਏਕਤਾ ਉਸਾਰ ਕੇ ਲੜਨ ਤਾਂ ਲੋਕ ਸਰਕਾਰਾਂ ਤੋਂ ਵੱਡੇ ਹੁੰਦੇ ਹਨ। ਸਖਤ ਠੰਢ ਵਿੱਚ ਜਾਨ ਹੂਲਵਾਂ ਘੋਲ ਲੜਨ ਵਾਲੇ ਲੋਕਾਂ ਨੂੰ ਸਲਾਮ ਕਰਦਿਆਂ ਇਸ ਇਤਿਹਾਸਕ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਸਰਕਾਰਾਂ ਵੱਲ ਰਹਿੰਦੇ ਮੁੱਦਿਆਂ ਦੇ ਹੱਲ ਲੋਕ ਏਕਤਾ ਹੋਰ ਮਜ਼ਬੂਤ ਕਰੀਏ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਆਬੋ-ਹਵਾ ਨੂੰ ਦੂਸ਼ਿਤ ਕਰਨ ਅਤੇ ਲੋਕਾਂ ਨੂੰ ਜ਼ਹਿਰਾਂ ਵਾਲੀਆਂ ਫੈਕਟਰੀਆਂ ਉੱਪਰ ਇਸੇ ਤਰਜ਼ 'ਤੇ

ਸ਼ਿਕੰਜਾ ਕੱਸੇ ਤਾਂ ਜੋ ਪੰਜਾਬ ਨੂੰ ਬਿਮਾਰੀ ਮੁਕਤ ਸਿਹਤਮੰਦ ਅਤੇ ਹਰਿਆ ਭਰਿਆ ਖੁਸ਼ਹਾਲ ਸੂਬਾ ਬਣਾਇਆ ਜਾ ਸਕੇ। ਇਸ ਸਮੇਂ ਜਥੇਬੰਦੀ ਦੇ ਹੋਰ ਆਗੂ ਸੁਬੇਗ ਸਿੰਘ ਸੂਦਾਂ ਲਖਵਿੰਦਰ ਸਿੰਘ ਸਿੰਘਪੁਰਾ, ਜੱਗਾ ਨੰਗਲ, ਅਮਰਜੀਤ ਸਿੰਘ ਭਿੱਖੀਵਿੰਡ, ਅਮਰੀਕ ਸਿੰਘ ਸੂਦਾਂ, ਹਰਦੀਪ ਸਿੰਘ ਬੱਠੇ ਭੈਣੀ ਆਦਿ ਹਾਜ਼ਰ ਸਨ

ਕੰਪਿਊਟਰ ਅਧਿਆਪਕਾਂ ਦੇ ਸੀ ਐੱਸ ਆਰ ਰੂਲਜ਼ ਬਾਰੇ ਵਿੱਤ ਮੰਤਰੀ ਨਾਲ ਹੋਇਆ ਵਿਚਾਰ-ਵਟਾਂਦਰਾ

ਜਲੰਧਰ (ਰਾਜੇਸ਼ ਥਾਪਾ)

ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਫਤਿਹਪੁਰ ਅਤੇ ਸਰਪ੍ਰਸਤ ਗੁਰਵਿੰਦਰ ਸਿੰਘ ਤਰਨ ਤਾਰਨ ਦੀ ਅਗਵਾਈ ਹੇਠ ਵਿੱਤ ਮੰਤਰੀ ਪੰਜਾਬ ਸਰਕਾਰ ਹਰਪਾਲ ਸਿੰਘ ਚੀਮਾ ਨਾਲ ਮੁੱਖ ਸਕੱਤਰੇਤ ਚੰਡੀਗੜ੍ਹ ਵਿਖੇ ਹੋਈ। ਇਸ ਮੀਟਿੰਗ ਵਿੱਚ ਵਿੱਤ ਵਿਭਾਗ ਦੇ ਉਚ ਅਧਿਕਾਰੀ ਅਤੇ ਸਿੱਖਿਆ ਵਿਭਾਗ ਤੋਂ ਡੀ.ਪੀ. ਆਈ. ਸੈਕੰਡਰੀ ਸਿੱਖਿਆ ਅਤੇ ਹੋਰ ਉਚ ਅਧਿਕਾਰੀ ਸ਼ਾਮਲ ਹੋਏ ਅਤੇ ਕੰਪਿਊਟਰ ਅਧਿਆਪਕਾਂ ਦੇ ਸੀ. ਐੱਸ. ਆਰ. ਰੂਲਜ਼ ਅਤੇ 6ਵੇਂ ਪੇਅ ਕਮਿਸ਼ਨ ਲਾਗੂ ਕਰਨ ਸਬੰਧੀ ਮਸਲੇ 'ਤੇ ਵਿਸਥਾਰ ਪੂਰਵਕ ਚਰਚਾ ਹੋਈ। ਯੂਨੀਅਨ ਦੇ ਵਫਦ ਵੱਲੋਂ ਉਪਰੋਕਤ ਦੋਨੋ ਜਾਇਜ਼ ਮੰਗਾਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਗਈ ਅਤੇ ਇਸ ਮਾਮਲੇ ਵਿੱਚ ਹੋ ਰਹੀ ਵਿਭਾਗੀ ਪੱਧਰ ਦੀ ਦੇਰੀ ਦੇ ਪਹਿਲੂ ਵੀ ਵਿੱਤ ਮੰਤਰੀ ਦੇ ਧਿਆਨ ਵਿੱਚ ਲਿਆਂਦੇ ਗਏ। ਵਿੱਤ ਮੰਤਰੀ ਵੱਲੋਂ ਉਪਰੋਕਤ ਮੰਗਾਂ ਸਬੰਧੀ ਮੰਗਾਂ ਜੱਥੇਬੰਦੀ ਦੇ ਵਫਦ ਨੂੰ ਦੱਸਿਆ ਕਿ ਸਰਕਾਰ ਇਸ ਮਾਮਲੇ ਨੂੰ ਹੱਲ ਲਈ ਵਚਨਵੱਧ ਹੈ ਅਤੇ ਇਸ ਸਬੰਧੀ ਮੌਕੇ 'ਤੇ ਹੀ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਕੰਪਿਊਟਰ ਅਧਿਆਪਕਾਂ ਤੇ ਸੀ. ਐੱਸ. ਆਰ. ਰੂਲਜ਼ ਅਤੇ 6ਵੇਂ ਪੇਅ ਕਮਿਸ਼ਨ ਲਾਗੂ ਕਰਨ ਲਈ ਪ੍ਰੋਸੈਸ ਨੂੰ ਪਹਿਲ ਦੇ ਅਧਾਰ 'ਤੇ ਕਾਰਵਾਈ ਤੇਜ ਕੀਤੀ ਜਾਵੇ। ਜੱਥੇਬੰਦੀ ਨੇ ਆਸ ਜਤਾਈ ਹੈ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਕੰਪਿਊਟਰ ਅਧਿਆਪਕਾਂ ਦੇ ਮਸਲਿਆਂ ਦਾ ਜਲਦ ਤੋਂ ਜਲਦ ਕਰੇਗੀ। ਜ਼ਿਕਰਯੋਗ ਹੈ ਕਿ ਕੰਪਿਊਟਰ ਅਧਿਆਪਕਾਂ ਨੇ ਵਿੱਤ ਮੰਤਰੀ ਪੰਜਾਬ ਨਾਲ ਮੀਟਿੰਗ ਹੋਣ ਬਾਅਦ ਜੱਥੇਬੰਦੀ ਨੇ ਅਪਣੀ ਮੀਟਿੰਗ ਅਗਲੀ ਰਣਨੀਤੀ ਤੈਅ ਕਰਨ ਲਈ ਸੱਦ ਲਈ ਹੈ, ਅਗਰ ਪੰਜਾਬ ਸਰਕਾਰ ਕੰਪਿਊਟਰ ਅਧਿਆਪਕਾਂ ਦੀਆ ਮੰਗਾਂ ਨੂੰਜਲਦ ਤੋਂ ਜਲਦ ਹੱਲ ਨਹੀਂ ਕਰਦੀ ਤਾਂ ਪੰਜਾਬ ਸਰਕਾਰ ਸੰਘਰਸ਼ ਝੱਲਣ ਲਈ ਤਿਆਰ ਰਹੇ। ਮੀਟਿੰਗ ਵਿੱਚ ਹਰਪ੍ਰੀਤ ਸਿੰਘ ਜਨਰਲ ਸਕੱਤਰ, ਹਰਜੀਤ ਸਿੰਘ ਸੀਨੀ. ਮੀਤ ਪ੍ਰਧਾਨ, ਅਨਿਲ ਐਰੀ ਮੀਤ ਪ੍ਰਧਾਨ ,ਅਮਰਦੀਪ ਸਿੰਘ ਕਨੰਨੀ ਸਲਾਹਕਾਰ ਸ਼ਾਮਿਲ ਸਨ। ਇਸ ਮੌਕੇ ਸਿਕੰਦਰ ਸਿੰਘ ਮੀਤ ਪ੍ਰਧਾਨ, ਹਰਮੰਦਰ ਸਿੰਘ ਸੰਧੂ ਪ੍ਰੈਸ ਸਕੱਤਰ, ਰਵੀਇੰਦਰ ਸਿੰਘ ਫਿਰੋਜ਼ਪੁਰ, ਅਮਨਪ੍ਰੀਤ ਸਿੰਘ ਤਰਨਤਾਰਨ, ਵਿਕਾਸ ਸ਼ਰਮਾ ਲੁਧਿਆਣਾ, ਜਤਿੰਦਰ ਕੁਮਾਰ ਅਤੇ ਭਪਿੰਦਰ ਸਿੰਘ ਬਰਨਾਲਾ ਹਾਜ਼ਰ ਸਨ ।ਮੀਟਿੰਗ ਦੀ ਸਮੁੱਚੀ ਜਾਣਕਾਰੀ ਹਰਜਿੰਦਰ ਮਹਿਸਮ ਪੁਰ ਪ੍ਰੈੱਸ ਸਕੱਤਰ ਨੇ ਦਿੱਤੀ ।

ਸਰਕਾਰ ਦੇ ਜ਼ੀਰਾ ਮੋਰਚੇ ਦੇ ਫੈਸਲੇ ਤੋਂ ਚੌਕਸ ਰਹਿਣ ਦੀ ਲੋੜ : ਰਾਜੇਵਾਲ

ਚੰਡੀਗੜ੍ਹ (ਗੁਰਜੀਤ ਬਿੱਲਾ)

ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੀਰੇ ਦੀ ਮੈਲਬਰੋਜ਼ ਪ੍ਰਾਈਵੇਟ ਲਿਮ: ਨਾਂਅ ਦੀ ਸ਼ਰਾਬ ਫੈਕਟਰੀ ਨੂੰ ਕਿਸਾਨਾਂ ਦੇ ਅੰਦੋਲਨ ਕਾਰਨ ਬੰਦ ਕਰਨ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਦੇ ਇਸ ਐਲਾਨ ਉੱਤੇ ਤਿੱਖੀ ਨਜ਼ਰ ਰੱਖਣ ਦੀ ਲੋੜ ਹੈ। ਇੱਕ ਪਾਸੇ ਸਰਕਾਰ ਨੇ ਫੈਕਟਰੀ ਬੰਦ ਕਰਨ ਦਾ ਐਲਾਨ ਕੀਤਾ ਹੈ, ਜਦਕਿ ਦੂਜੇ ਪਾਸੇ ਹਾਈਕੋਰਟ ਦੀ ਇੱਕ ਕਮੇਟੀ ਇਹ ਜਾਇਜਾ ਲੈ ਕੇ ਆਈ ਹੈ ਕਿ ਫੈਕਟਰੀ ਮਾਲਕ ਦਾ ਕਿੰਨਾ ਨੁਕਸਾਨ ਹੋਇਆ ਹੈ ਅਤੇ ਹੋ ਰਿਹਾ ਹੈ। ਇਸ ਸਬੰਧੀ ਇੱਕ ਬਿਆਨ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਰਕਾਰ ਨੇ ਫੈਕਟਰੀ ਬੰਦ ਕਰਨ ਦੇ ਐਲਾਨ ਦਾ ਅਧਾਰ ਕੀ ਨਿਯਤ ਕੀਤਾ ਹੈ ਉਸਦੀਆਂ ਰਿਪੋਰਟਾਂ ਘੋਖਣੀਆਂ ਜਰੂਰੀ ਹਨ। ਉਨ੍ਹਾਂ ਕਿਹਾ ਕਿ ਇਹ ਫੈਕਟਰੀ ਕੇਵਲ ਸ਼ਰਾਬ ਜਾਂ ਐਥਾਨੋਲ ਹੀ ਨਹੀਂ ਬਣਾਉਂਦੀ ਸਗੋਂ ਦੁਨੀਆਂ ਦੀ ਸਭ ਤੋਂ ਖਤਰਨਾਕ ਜ਼ਹਿਰ ਪੋਟਾਸ਼ੀਅਮ ਸਾਇਆਨਾਇਡ ਅਤੇ ਕੁਝ ਹੋਰ ਖਤਰਨਾਕ ਕੈਮੀਕਲ ਬਣਾ ਕੇ ਵੀ ਵਿਦੇਸ਼ਾਂ ਨੂੰ ਭੇਜਦੀ ਹੈ। ਲੋੜ ਹੈ ਕਿ ਸਰਕਾਰ ਇਨ੍ਹਾਂ ਜ਼ਹਿਰਾਂ ਦਾ ਪਾਣੀ, ਹਵਾ, ਫਸਲਾਂ ਅਤੇ ਧਰਤੀ ਉੱਤੇ ਕੀ ਅਸਰ ਪੈਂਦਾ ਹੈ ਉਸਦੀ ਵਿਸਥਾਰਤ ਰਿਪੋਰਟ ਤਿਆਰ ਕਰੇ। ਉਨ੍ਹਾਂ ਕਿਹਾ ਕਿ 2008 ਵਿੱਚ ਵੀ ਪੰਜਾਬ ਵਿਧਾਨ ਸਭਾ ਦੀ ਇੱਕ ਗਿਆਰਾਂ ਵਿਧਾਇਕਾਂ ਦੀ ਕਮੇਟੀ ਬਣੀ ਸੀ, ਜਿਸਨੇ ਮੈਲਬਰੋਜ਼ ਪ੍ਰਾਈਵੇਟ ਲਿਮ: ਸਮੇਤ ਪੰਜਾਬ ਦੀਆਂ ਅਤੇ ਇੰਗਲੈਂਡ ਦੀਆਂ ਸ਼ਰਾਬ ਫੈਕਟਰੀਆਂ ਦਾ ਦੌਰਾ ਕਰਕੇ ਹਰ ਫੈਕਟਰੀ ਉੱਤੇ ਆਪਣੀ ਰਿਪੋਰਟ ਦਿੱਤੀ ਸੀ ਅਤੇ ਇਸ ਫੈਕਟਰੀ ਨੂੰ ਦੋਸ਼ੀ ਠਹਿਰਾ ਕੇ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਸੀ ਪਰ ਸਰਮਾਏਦਾਰੀ ਦੇ ਦਬਾਅ ਕਾਰਨ 12 ਸਾਲ ਕਿਸੇ ਨੇ ਵੀ ਇਸ ਫੈਕਟਰੀ ਵਿਰੁੱਧ ਕਾਰਵਾਈ ਨਹੀਂ ਕੀਤੀ ਅਤੇ ਇਸ ਸਮੇਂ ਦੌਰਾਨ ਇਲਾਕੇ ਦਾ ਪਾਣੀ ਅਤੇ ਹਵਾ ਬੁਰੀ ਤਰ੍ਹਾਂ ਦੂਸ਼ਿਤ ਹੋਏ ਅਤੇ ਧਰਤੀ, ਫਸਲਾਂ, ਪਸ਼ੂਆਂ ਅਤੇ ਮਨੁੱਖਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ। ਉਨ੍ਹਾਂ ਕਿਹਾ ਕਿ ਉਸ ਇਲਾਕੇ ਨੂੰ ਇਨ੍ਹਾਂ ਅਲਾਮਤਾ ਤੋਂ ਮੁਕਤ ਕਰਵਾਉਣ ਲਈ ਜੇ ਸਰਕਾਰ ਇਮਾਨਦਾਰੀ ਨਾਲ ਵੀ ਖੇਤੀਬਾੜੀ ਯੂਨੀਵਰਸਿਟੀ, ਸਿਹਤ ਵਿਭਾਗ ਆਦਿ ਦੀ ਡਿਊਟੀ ਲਾਵੇ ਤਾਂ ਵੀ ਘੱਟੋ ਘੱਟ 10 ਸਾਲ ਲੱਗ ਜਾਣਗੇ। ਉਨ੍ਹਾਂ ਜੁਝਾਰੂ ਕਿਸਾਨਾਂ ਨ

20-January-PAGE-4-2.qxd 1/19/2023 10:20 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 20 ਜਨਵਰੀ 2023

ਤ੍ਰਿਪੁਰਾ ਦਾ ਚੋਣ-ਯੁੱਧ ਦਿਸ਼ਾ ਤੈਅ ਕਰੇਗਾ

ਚੋਣ ਕਮਿਸ਼ਨ ਨੇ ਉੱਤਰ-ਪੂਰਬ ਦੇ ਤਿੰਨ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਚੋਣ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਹੈ। ਇਸ ਅਨੁਸਾਰ ਤ੍ਰਿਪੁਰਾ ਵਿੱਚ 16 ਫ਼ਰਵਰੀ ਤੇ ਮੇਘਾਲਿਆ ਅਤੇ ਨਾਗਾਲੈਂਡ ਵਿੱਚ 27 ਫ਼ਰਵਰੀ ਨੂੰ ਵੋਟਾਂ ਪੈਣਗੀਆਂ। ਵੋਟਾਂ ਦੀ ਗਿਣਤੀ 2 ਮਾਰਚ ਨੂੰ ਹੋਵੇਗੀ।

ਨਾਗਾਲੈਂਡ ਤੇ ਮੇਘਾਲਿਆ ਵਿੱਚ ਆਮ ਤੌਰ 'ਤੇ ਮੁੱਖ ਮੁਕਾਬਲਾ ਵੱਖ-ਵੱਖ ਧੜਿਆਂ ਦੀਆਂ ਸਥਾਨਕ ਪਾਰਟੀਆਂ ਵਿੱਚ ਹੀ ਹੁੰਦਾ ਆ ਰਿਹਾ ਹੈ। ਇੱਕੋ-ਇੱਕ ਤ੍ਰਿਪੁਰਾ ਹੈ, ਜਿੱਥੇ ਮੁਕਾਬਲਾ ਕੌਮੀ ਪਾਰਟੀਆਂ ਵਿੱਚ ਹੁੰਦਾ ਹੈ। ਜੇਕਰ ਨਾਗਾਲੈਂਡ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਉਸ ਸਮੇਂ ਨਾਗਾ ਪੀਪਲਜ਼ ਫਰੰਟ ਨੇ 26 ਸੀਟਾਂ, ਨੈਸ਼ਨਲ ਡੈਮੋਕ੍ਰੇਟਿਕ ਪ੍ਰੋਗਰੈਸਿਵ ਪਾਰਟੀ ਨੇ 18, ਭਾਜਪਾ ਨੇ 12, ਨੈਸ਼ਨਲ ਪੀਪਲਜ਼ ਪਾਰਟੀ ਨੇ 2, ਜਨਤਾ ਦਲ (ਯੂ) ਨੇ 1 ਤੇ ਇੱਕ ਸੀਟ ਅਜ਼ਾਦ ਨੇ ਜਿੱਤੀ ਸੀ। ਕਾਂਗਰਸ ਪਾਰਟੀ ਦਾ ਬਹੁਤਾ ਹਿੱਸਾ ਭਾਜਪਾ ਦੀ ਛਤਰੀ ਹੇਠ ਚਲਾ ਜਾਣ ਕਾਰਨ ਉਸ ਦੇ ਪੱਲੇ ਕੁਝ ਨਹੀਂ ਸੀ ਪਿਆ। ਸਰਕਾਰ ਨੈਸ਼ਨਲ ਡੈਮੋਕ੍ਰੇਟਿਕ ਪ੍ਰੋਗਰੈਸਿਵ ਪਾਰਟੀ ਨੇ ਭਾਜਪਾ ਤੇ ਬਾਕੀ ਛੋਟੀਆਂ ਪਾਰਟੀਆਂ ਨੂੰ ਜੋੜ ਕੇ ਬਣਾ ਲਈ ਸੀ।

ਇਸੇ ਤਰ੍ਹਾਂ ਹੀ ਮੇਘਾਲਿਆ ਵਿੱਚ ਕਾਂਗਰਸ ਨੇ ਭਾਵੇਂ 21 ਸੀਟਾਂ ਜਿੱਤ ਲਈਆਂ ਸਨ, ਪਰ ਸਰਕਾਰ ਕੋਨਾਰਡ ਸੰਗਮਾ ਦੀ 20 ਸੀਟਾਂ ਵਾਲੀ ਨੈਸ਼ਨਲ ਪੀਪਲਜ਼ ਪਾਰਟੀ ਨੇ ਬਣਾ ਲਈ ਸੀ, ਜਿਸ ਨੇ ਬਾਕੀ ਸਾਰਿਆਂ ਨੂੰ ਆਪਣੇ ਨਾਲ ਜੋੜ ਲਿਆ ਸੀ। ਬਾਕੀ ਜਿੱਤਣ ਵਾਲੀਆਂ ਧਿਰਾਂ ਵਿੱਚ ਯੂ ਡੀ ਪੀ 6, ਅਜ਼ਾਦ 3, ਭਾਜਪਾ 2, ਪੀ ਡੀ ਐਫ 4, ਹਿਲ ਸਟੇਟ ਪੀ ਡੀ ਪੀ 2 ਤੇ ਐਨ ਸੀ ਪੀ ਇੱਕ ਸੀਟ ਲੈ ਗਈ ਸੀ। ਅਸਲ ਵਿੱਚ ਇਨ੍ਹਾਂ ਰਾਜਾਂ ਦਾ ਸਾਰਾ ਰਾਜ ਪ੍ਰਬੰਧ ਕੇਂਦਰ ਵੱਲੋਂ ਦਿੱਤੀ ਜਾਂਦੀ ਸਹਾਇਤਾ ਦੇ ਸਿਰ 'ਤੇ ਚਲਦਾ ਹੈ। ਇਸ ਲਈ ਉੱਥੇ ਕੋਈ ਵੀ ਜਿੱਤੇ, ਰਹਿਣਾ ਉਸ ਨੇ ਕੇਂਦਰ ਵਿੱਚ ਰਾਜ ਕਰਦੀ ਧਿਰ ਨਾਲ ਹੁੰਦਾ ਹੈ।

ਹੁਣ ਲਓ ਤ੍ਰਿਪੁਰਾ ਦੀ ਗੱਲ। ਪਿਛਲੀਆਂ ਚੋਣਾਂ ਵਿੱਚ ਇੱਥੇ ਭਾਜਪਾ ਨੇ 25 ਸਾਲਾਂ ਤੋਂ ਰਾਜ ਕਰ ਰਹੀ ਖੱਬੀ ਧਿਰ ਨੂੰ ਸੱਤਾ ਵਿੱਚੋਂ ਬਾਹਰ ਕਰ ਦਿੱਤਾ ਸੀ। 2018 ਦੀਆਂ ਚੋਣਾਂ ਭਾਜਪਾ ਨੇ ਕਬਾਇਲੀ ਪਾਰਟੀ ਆਈ ਪੀ ਐਫ ਟੀ ਨਾਲ ਮਿਲ ਕੇ ਲੜੀਆਂ ਸਨ। ਭਾਜਪਾ ਨੇ 36 ਸੀਟਾਂ ਤੇ ਉਸ ਦੀ ਸਹਿਯੋਗੀ ਆਈ ਪੀ ਐਫ ਟੀ ਨੇ 8 ਸੀਟਾਂ ਜਿੱਤ ਕੇ ਖੱਬੇ ਮੋਰਚੇ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਸੀ, ਜਿਸ ਨੂੰ ਸਿਰਫ਼ 16 ਸੀਟਾਂ ਮਿਲੀਆਂ ਸਨ। ਕਾਂਗਰਸ ਪਾਰਟੀ ਦਾ ਤਾਂ ਬਹੁਤਾ ਹਿੱਸਾ ਭਾਜਪਾ ਵਿੱਚ ਚਲਾ ਗਿਆ ਸੀ। ਇਸ ਦੇ ਸਿੱਟੇ ਵਜੋਂ 2013 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਿਲੀਆਂ 36.53 ਫੀਸਦੀ ਵੋਟਾਂ ਦੇ ਮੁਕਾਬਲੇ ਉਸ ਨੂੰ ਸਿਰਫ਼ 1.54 ਫੀਸਦੀ ਵੋਟਾਂ ਮਿਲੀਆਂ ਤੇ ਅਸੰਬਲੀ ਵਿੱਚ 10 ਮੈਂਬਰਾਂ ਵਾਲੀ ਮੁੱਖ ਵਿਰੋਧੀ ਧਿਰ ਜ਼ੀਰੋ ਉੱਤੇ ਸੁੰਗੜ ਗਈ ਸੀ। ਇਸ ਦੇ ਉਲਟ ਭਾਜਪਾ ਦਾ ਵੋਟ ਸ਼ੇਅਰ 1.54 ਤੋਂ ਅਣਕਿਆਸੀ ਛਾਲ ਮਾਰ ਕੇ 43.59 ਉੱਤੇ ਪੁੱਜ ਗਿਆ। ਖੱਬੇ ਪੱਖ ਲਈ ਇਹ ਸੰਤੋਸ਼ ਵਾਲੀ ਗੱਲ ਹੋ ਸਕਦੀ ਹੈ ਕਿ ਹਾਰ ਜਾਣ ਦੇ ਬਾਵਜੂਦ ਉਹ ਆਪਣਾ ਵੋਟ ਸ਼ੇਅਰ 44.36 ਫੀਸਦੀ ਤੱਕ ਬਚਾਉਣ ਵਿੱਚ ਕਾਮਯਾਬ ਰਿਹਾ ਸੀ। ਭਾਜਪਾ ਦੀ ਜਿੱਤ ਦਾ ਮੁੱਖ ਧੁਰਾ ਆਈ ਪੀ ਐਫ ਟੀ ਸੀ, ਜਿਸ ਨੇ 7.38 ਫ਼ੀਸਦੀ ਵੋਟਾਂ ਲੈ ਕੇ 8 ਸੀਟਾਂ ਜਿੱਤ ਲਈਆਂ ਸਨ।

ਕਾਂਗਰਸ ਲਈ ਇਹ ਹੌਸਲੇ ਵਾਲੀ ਗੱਲ ਹੈ ਕਿ 2022 ਦੀਆਂ ਜ਼ਿਮਨੀ ਚੋਣਾਂ ਵਿੱਚ ਉਸ ਨੇ 43.46 ਫ਼ੀਸਦੀ ਵੋਟਾਂ ਲੈ ਕੇ ਅਗਰਤਲਾ ਦੀ ਸੀਟ ਭਾਜਪਾ ਤੋਂ ਖੋਹ ਲਈ ਸੀ। ਇਸ ਤੋਂ ਇਲਾਵਾ ਜਿਹੜੇ ਕਾਂਗਰਸੀ ਭਾਜਪਾ 'ਚ ਗਏ ਸਨ, ਉਨ੍ਹਾਂ ਨੇ ਵੀ ਵਾਪਸੀ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਦੇਸ਼ ਵਿੱਚ ਪਹਿਲੀ ਵਾਰ ਹੈ ਜਦੋਂ 8 ਵਿਧਾਇਕ ਭਾਜਪਾ ਗਠਜੋੜ ਨੂੰ ਤਿਲਾਂਜਲੀ ਦੇ ਚੁੱਕੇ ਹਨ। ਇਨ੍ਹਾਂ ਵਿੱਚ 5 ਭਾਜਪਾ ਦੇ ਤੇ ਤਿੰਨ ਉਸ ਦੀ ਸਹਿਯੋਗੀ ਪਾਰਟੀ ਦੇ ਹਨ। ਭਾਜਪਾ ਵਿੱਚੋਂ ਨਿਕਲਿਆਂ ਨੇ ਮੁੜ ਕਾਂਗਰਸ ਦਾ ਪੱਲਾ ਫੜ ਲਿਆ ਹੈ ਤੇ ਦੂਜੇ ਤਿੰਨ ਨਵੀਂ ਬਣੀ ਪਾਰਟੀ ਤਿਪਰਾ ਮੋਥਾ ਵਿੱਚ ਸ਼ਾਮਲ ਹੋ ਗਏ ਹਨ। ਆਈ ਪੀ ਐਫ਼ ਟੀ ਨੇ ਭਾਜਪਾ ਨਾਲੋਂ ਵੱਖ ਹੋਣ ਦਾ ਐਲਾਨ ਕਰ ਦਿੱਤਾ ਹੈ। ਤਿਪਰਾ ਮੋਥਾ ਨੇ ਐਲਾਨ ਕੀਤਾ ਹੈ ਕਿ ਉਹ ਉਸ ਧਿਰ ਨਾਲ ਜਾਣਗੇ, ਜਿਹੜੀ ਉਨ੍ਹਾਂ ਦੀ ਵੱਖਰੇ ਤਿਪਰਾਲੈਂਡ ਦੀ ਮੰਗ ਨੂੰ ਮੰਨ ਲੈਣਗੇ।

ਖੱਬੀਆਂ ਧਿਰਾਂ ਨੇ ਵੀ ਆਪਣੇ ਦਾਅਪੇਚ ਘੜ ਲਏ ਹਨ। ਪਿਛਲੇ ਦਿਨੀਂ ਚੋਣ ਰਣਨੀਤੀ ਤੈਅ ਕਰਨ ਲਈ ਸੀ ਪੀ ਆਈ (ਐੱਮ) ਸੀ ਪੀ ਆਈ, ਫਾਰਵਰਡ ਬਲਾਕ, ਸੀ ਪੀ ਆਈ ਐਮ ਐਲ, ਆਰ ਐਸ ਪੀ ਤੇ ਕਾਂਗਰਸ ਦੇ ਆਗੂਆਂ ਦੀ ਸਾਂਝੀ ਮੀਟਿੰਗ ਹੋ ਚੁੱਕੀ ਹੈ। ਕਾਂਗਰਸ ਤੇ ਸੀ ਪੀ ਆਈ (ਐਮ) ਦੇ ਆਗੂਆਂ ਦਾ ਸਾਂਝਾ ਬਿਆਨ ਵੀ ਆ ਚੁੱਕਾ ਹੈ ਕਿ ਉਹ ਇਹ ਚੋਣਾਂ ਗਠਜੋੜ ਬਣਾ ਕੇ ਲੜਨਗੇ। ਮਮਤਾ ਦੀ ਟੀ ਐਮ ਸੀ ਵੀ ਮੈਦਾਨ ਵਿੱਚ ਹੈ, ਪਰ ਉਹ ਸਿਰਫ਼ ਵੋਟ ਕਟੂਆਂ ਤੋਂ ਵੱਧ ਕੁਝ ਨਹੀਂ ਹੈ। ਪਿਛਲੀਆਂ ਚੋਣਾਂ ਵਿੱਚ ਉਸ ਦੇ ਸਾਰੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਦੇਸ਼ ਵਿੱਚ ਫਿਰਕੂ ਫਾਸ਼ੀ ਤਾਕਤਾਂ ਦੇ ਉਭਾਰ ਤੋਂ ਚਿੰਤਤ ਲੋਕਾਂ ਨੂੰ ਆਸ ਹੈ ਕਿ ਤ੍ਰਿਪੁਰਾ ਦੇ ਲੋਕ ਇਨ੍ਹਾਂ ਤਾਕਤਾਂ ਨੂੰ ਭਾਂਜ ਦੇਣ ਲਈ ਬਾਕੀ ਭਾਰਤ ਨੂੰ ਰਾਹ ਦਿਖਾਉਣਗੇ।

-ਚੰਦ ਫਤਿਹਪੁਰੀ

ਜੀ ਐੱਮ ਫ਼ਸਲਾਂ ਤੇ ਇਨ੍ਹਾਂ ਦਾ ਨਫ਼ਾ-ਨੁਕਸਾਨ

ਡਾ. ਅਮਨਪ੍ਰੀਤ ਸਿੰਘ ਬਰਾੜ

ਪਿਛਲੇ ਕੁਝ ਦਿਨਾਂ ਤੋਂ ਅੰਗਰੇਜ਼ੀ ਅਖਬਾਰਾਂ ਵਿੱਚ ਜੀ ਐੱਮ ਫਸਲਾਂ ਦਾ ਵਿਸ਼ਾ ਕਾਫੀ ਚਰਚਾ ਵਿੱਚ ਰਿਹਾ ਹੈ। ਜੀ ਐੱਮ, ਜਿਸ ਨੂੰ ਜੀਨੈਟੀਕਲੀ ਮਾਡੀਫਾਈਡ ਭਾਵ ਉਸ ਦੇ ਜੀਨ ਵਿੱਚ ਤਬਦੀਲੀ ਕੀਤੀ ਗਈ ਹੈ। ਜੀਨ ਕੀ ਹੈ, ਮੈਂ ਉਸ ਦੀ ਇਸ ਤਰ੍ਹਾਂ ਵਿਆਖਿਆ ਕਰਾਂਗਾ। ਇਕ ਇਮਾਰਤ ਇੱਟਾਂ ਦੀ ਬਣੀ ਹੈ, ਇਸ ਵਿੱਚ ਇਕ ਇੱਟ ਨੂੰ ਸੈੱਲ ਮੰਨ ਲਓ, ਇਸ ਦੇ ਬਰਾਬਰ ਜਿਹੜੇ ਜੀਵ, ਜੰਤੂ, ਬੂਟੇ, ਬੈਕਟੀਰੀਆ, ਉਲੀ ਆਦਿ ਸੈੱਲਾਂ ਦੇ ਬਣੇ ਹੁੰਦੇ ਹਨ। ਸੈੱਲਾਂ ਦੀ ਗਿਣਤੀ ਅਕਾਰ ਦੇ ਹਿਸਾਬ ਨਾਲ ਹੁੰਦੀ ਅਤੇ ਇਹ ਬਹੁਤ ਜ਼ਿਆਦਾ ਹੁੰਦੀ ਹੈ। ਹਾਂ, ਵਾਇਰਸ ਵਿੱਚ ਸਿਰਫ ਇਕੋ ਸੈੱਲ ਹੀ ਹੁੰਦਾ ਹੈ। ਅੱਗੇ ਸੈੱਲ ਦੀ ਬਣਤਰ ਵਿੱਚ ਨਿਊਕਲੀਅਸ ਹੁੰਦਾ ਹੈ, ਜਿਸ ਵਿੱਚ ਕਰੋਮੋਸੋਮ ਹੁੰਦੇ ਹਨ ਅਤੇ ਇਹਨਾਂ ਦੀ ਗਿਣਤੀ ਵੀ ਵੱਖ-ਵੱਖ ਫਸਲਾਂ ਵਿੱਚ ਵੱਖ-ਵੱਖ ਹੁੰਦੀ ਹੈ।

ਕਰੋਮੋਸੋਮ ਤੋਂ ਅੱਗੇ ਜੀਨ ਆਉਂਦੇ ਹਨ। ਜਿਹੜੇ ਹਰ ਫਸਲ ਦੇ ਲੱਛਣ ਨਿਰਧਾਰਤ ਕਰਦੇ ਹਨ ਕਿ ਫਸਲ ਦਾ ਅਕਾਰ ਕੀ ਹੋਵੇਗਾ, ਅਗੇਤੀ ਹੋਵੇਗੀ ਕਿ ਪਛੇਤੀ, ਇਸ ਦਾ ਝਾੜ ਕਿੰਨਾ ਹੋਵੇਗਾ, ਦਾਣਿਆ ਦਾ ਅਕਾਰ ਅਤੇ ਰੰਗ ਕਿਹੋ ਜਿਹਾ ਹੋਵੇਗਾ। ਫਸਲ ਦੇ ਵਿੱਚ ਕਿਸੇ ਖਾਸ ਮਕਸਦ ਲਈ ਜਿਵੇਂ ਝਾੜ ਵਧਾਉਣਾ ਅਤੇ ਬਿਮਾਰੀ ਜਾਂ ਕੀੜਿਆਂ ਤੋਂ ਰਹਿਤ ਕਰਨ ਲਈ ਇਸ ਵਿੱਚ ਜੀਨ ਦੀ ਤਬਦੀਲੀ ਕੀਤੀ ਜਾਂਦੀ ਹੈ। ਜਿਵੇਂ ਨਰਮੇ ਨੂੰ ਅਮਰੀਕਨ ਸੁੰਡੀਆਂ ਦੇ ਹਮਲੇ ਤੋਂ ਬਚਾਉਣ ਲਈ ਬੀ ਟੀ ਨਰਮਾ ਲਿਆਂਦਾ ਗਿਆ। ਉਸ ਵੇਲੇ ਨਰਮੇ ਵਿੱਚ ਇਕ ਬੈਕਟੀਰੀਆ (ਬੈਸੀਲਸ ਥੁਰਾਜੇਨਿਸਿਸ) ਦਾ ਜੀਨ ਨਰਮੇ ਦੇ ਵਿੱਚ ਪਾਇਆ ਗਿਆ, ਜਿਸ ਨਾਲ ਜਦੋਂ ਟੀਂਡੇ ਨੂੰ ਸੁੰਡੀ ਦਾ ਲਾਰਵਾ ਖਾਂਦਾ ਸੀ ਤਾਂ ਉਸ ਦੇ ਮਿਹਦੇ ਵਿੱਚ ਜ਼ਹਿਰ ਬਣ ਜਾਂਦਾ ਸੀ ਅਤੇ ਸੁੰਡੀ ਮਰ ਜਾਂਦੀ ਅਤੇ ਅੱਗੇ ਵਾਧਾ ਰੁਕ ਜਾਂਦਾ ਹੈ।

ਭਾਰਤ ਵਿੱਚ ਜੀ ਐੱਮ ਫਸਲਾਂ:- ਭਾਰਤ ਵਿੱਚ 2002 ਵਿੱਚ ਜੀ ਐੱਮ ਕਾਟਨ (ਮੋਨਸੈਂਟੋ ਕੰਪਨੀ) ਦੀ ਲਿਆਂਦੀ ਗਈ। ਉਸ ਤੋਂ ਬਾਅਦ ਏਥੇ ਕੋਈ ਜੀ ਐੱਮ ਦੀ ਫਸਲ ਲਿਆਂਦੀ ਨਹੀਂ ਗਈ। ਬੀ.ਟੀ. ਬੈਂਗਣਾਂ ਵਿੱਚ ਵੀ ਨਰਮੇ ਵਾਲਾ ਜੀਨ ਪਾਇਆ ਗਿਆ ਸੀ ਤਾਂ ਕਿ ਇਹ ਕਾਣੇ ਨਾ ਹੋਣ, ਪਰ ਵਾਤਾਵਰਨ ਪ੍ਰੇਮੀਆਂ ਦੇ ਪੁਰਜ਼ੋਰ ਵਿਰੋਧ 'ਤੇ ਇਸ ਨੂੰ ਰੋਕ ਦਿੱਤਾ ਗਿਆ। ਉਸ ਤੋਂ ਬਾਅਦ ਹੁਣ ਜੀ ਐੱਮ ਸਰ੍ਹੋਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ 'ਤੇ ਸੈਕਟਰੀ ਐਗਰੀਕਲਚਰ ਅਤੇ ਡਾਇਰੈਕਟਰ ਜਨਰਲ ਆਈ ਸੀ ਏ ਆਰ ਦਾ ਕਹਿਣਾ ਹੈ ਕਿ ਭਾਵੇਂ ਦੇਸ਼ ਵਿੱਚ 13 ਫਸਲਾਂ 'ਤੇ ਜੀ ਐੱਮ ਤਕਨਾਲੋਜੀ ਦਾ ਕੰਮ ਹੋ ਰਿਹਾ ਹੈ, ਪਰ ਇਹ ਖੁਰਾਕ ਵਾਲੀ ਪਹਿਲੀ ਫਸਲ ਹੈ, ਜਿਸ ਨੂੰ ਵਾਤਾਵਰਨ ਮੰਤਰਾਲੇ ਵੱਲੋਂ ਮਨਜ਼ੂਰੀ ਦਿੱਤੀ ਗਈ ਹੈ, ਜਿਸ ਕਾਰਨ ਇਸ ਨੂੰ 2 ਸਾਲ ਵਿੱਚ ਵਪਾਰਕ ਪੱਧਰ 'ਤੇ ਅਪਨਾਉਣ ਲਈ ਤਕਰੀਬਨ ਰਾਹ ਪੱਧਰਾ ਹੋ ਗਿਆ ਹੈ, ਪਰ ਆਈ ਸੀ ਏ ਆਰ ਵੱਲੋਂ ਇਹ ਨਹੀਂ ਮੰਨਿਆ ਗਿਆ ਕਿ ਇਸ ਕਿਸਮ ਨਾਲ ਦੇਸ਼ ਦੀ ਤੇਲ ਦੀ ਸਮੱਸਿਆ ਹੱਲ ਹੋ ਜਾਵੇਗੀ।

ਅੱਜ ਜਿਸ ਗੱਲ ਤੋਂ ਦੁਬਾਰਾ ਇਹਨਾਂ ਫਸਲਾਂ ਦੀ ਚਰਚਾ ਛਿੜੀ ਹੈ, ਉਹ ਹੈ ਸਰ੍ਹੋਂ ਦੀ ਕਿਸਮ ਡੀ ਐੱਮ ਐੱਚ-11। ਇਹ ਕਿਸਮ ਦਿੱਲੀ ਯੂਨੀਵਰਸਿਟੀ ਨੇ ਵਿਕਸਤ ਕੀਤੀ ਹੈ ਅਤੇ ਆਪ ਹੀ ਇਸ ਨੂੰ ਟੈਸਟ ਕੀਤਾ ਹੈ। ਇਸ ਕਿਸਮ ਵਿੱਚ ਵੀ ਬੈਕਟੀਰੀਆ ਤੋਂ ਤਿੰਨ ਜੀਨ ਪਾਏ ਗਏ ਹਨ। 2 ਜੀਨ ਇੱਕ ਬੈਕਟਰੀਆ ਤੋਂ ਅਤੇ ਇੱਕ ਜੀਨ ਇੱਕ ਤੋਂ। ਦਿੱਲੀ ਯੂਨੀਵਰਸਿਟੀ ਦੇ ਸਾਇੰਸਦਾਨ ਦਾ ਕਹਿਣਾ ਹੈ ਕਿ ਇਸ ਕਿਸਮ ਨਾਲ ਝਾੜ ਵਧੇਗਾ ਅਤੇ ਤੇਲ ਬੀਜ ਦੀ ਪੈਦਾਵਾਰ ਵਧੇਗੀ। ਜੋ ਤੇਲ ਅਸੀਂ ਬਾਹਰੋਂ ਮੰਗਵਾਉਣ 'ਤੇ ਵਿਦੇਸ਼ੀ ਮੁਦਰਾ ਖਰਚ ਕਰਦੇ ਹਾਂ, ਉਹ ਬਚੇਗੀ, ਪਰ ਖੇਤੀ ਮਾਹਰਾਂ ਦਾ ਕਹਿਣਾ ਹੈ ਕਿ ਇਸ ਕਿਸਮ ਦਾ ਝਾੜ ਪਹਿਲੀਆਂ ਕਿਸਮਾਂ ਨਾਲੋਂ ਘੱਟ ਹੈ। ਦੂਜਾ ਇਸ ਫਸਲ ਵਿੱਚ ਦੋਗਲੇਪਣ ਦਾ ਲਾਹਾ ਬਹੁਤਾ ਨਹੀਂ ਨਿਕਲਦਾ। ਦੋਗਲਾ ਬੀਜ ਕਿਸਾਨ ਨੂੰ ਹਰ ਸਾਲ ਨਵਾਂ ਲੈਣਾ ਪੈਂਦਾ ਹੈ ਅਤੇ ਇਸ 'ਤੇ ਖਰਚਾ ਵੀ ਵੱਧ ਆਉਂਦਾ ਹੈ। ਤੀਜਾ ਇਹ ਕਿਸਮ ਨਦੀਨ ਨਾਸ਼ਕ ਦਵਾਈ ਗਲਾਈਫੋਸੀਨੇਟ ਤੋਂ ਅਸਰ ਰਹਿਤ ਹੈ, ਜਿਸ ਵਿੱਚ ਜਿਹੜਾ ਪਦਾਰਥ ਜਾਂ ਜ਼ਹਿਰ ਨਦੀਨ ਨਾਸ਼ਕ ਨੂੰ ਅਸਰ ਰਹਿਤ ਕਰਨ ਲਈ ਬਣੇਗਾ, ਉਸ ਨਾਲ ਇਕ ਤਾਂ ਜ਼ਮੀਨ ਦੇ ਬਾਕੀ ਸੂਖਮ ਜੀਵਾਂ 'ਤੇ ਮਾੜਾ ਅਸਰ ਪਵੇਗਾ, ਦੂਜਾ ਨਦੀਨ ਨਾਸ਼ਕਾਂ ਦੀ ਵਰਤੋਂ ਨਾਲ ਹੋਰ ਨਦੀਨ ਪੈਦਾ ਹੋਣਗੇ, ਜਿਹਨਾਂ 'ਤੇ ਇਹਨਾਂ ਨਦੀਨ ਨਾਸ਼ਕਾਂ ਦਾ ਅਸਰ ਹੀ ਨਹੀਂ ਹੋਵੇਗਾ। ਇਸ ਤੋਂ ਅੱਗੇ ਜਿਹੜੀ ਲੇਬਰ ਗੋਡੀ 'ਤੇ ਲਗਦੀ ਸੀ, ਉਹ ਵਿਹਲੀ ਹੋ ਜਾਵੇਗੀ।

ਇਹਨਾਂ ਸਾਰੀਆਂ ਗੱਲਾਂ ਵਿੱਚ ਜੋ ਅੱਜ ਸਭ ਤੋਂ ਵੱਡਾ ਮੁੱਦਾ ਹੈ, ਉਹ ਹੈ ਝਾੜ ਦਾ। ਕਿਸਮ ਕੱਢਣ ਵਾਲੇ ਸਾਇੰਸਦਾਨ ਕਹਿੰਦੇ ਹਨ ਕਿ ਇਹ ਕਿਸਮ ਪਹਿਲੀਆਂ ਪ੍ਰਚੱਲਤ ਕਿਸਮਾਂ ਤੋਂ 19 ਤੋਂ 40 ਪ੍ਰਤੀਸ਼ਤ ਝਾੜ ਵੱਧ ਦਿੰਦੀ ਹੈ। ਇਸ ਦਾ ਝਾੜ 26 ਕੁਇੰਟਲ ਪ੍ਰਤੀ ਹੈਕਟੇਅਰ ਤੱਕ ਹੋ ਜਾਂਦਾ ਹੈ, ਜਦਕਿ ਤੇਲ ਬੀਜ 'ਤੇ ਖੋਜ ਕਰਨ ਵਾਲੇ ਖੇਤੀ ਮਾਹਰਾਂ ਧੀਰਜ ਸਿੰਘ, ਭਰਤਪੁਰ (ਰਾਜਸਥਾਨ) ਵਿਚਲੇ ਰੇਪਸੀਡ-ਮਸਟਰਡ ਰਿਸਰਚ ਇੰਸਟੀਚਿਊਟ ਦੇ ਸਾਬਕਾ ਡਾਇਰੈਕਟਰ ਦਾ ਕਹਿਣਾ ਹੈ ਕਿ ਇਸ ਕਿਸਮ ਦਾ ਝਾੜ ਜੋ ਦੱਸਿਆ ਗਿਆ 26 ਕੁਇੰਟਲ ਪ੍ਰਤੀ ਹੈਕਟੇਅਰ ਨਹੀਂ ਹੈ, ਇਸ ਵਿੱਚ 2006-07 ਵਿੱਚ ਕੀਤੇ ਗਏ ਤਜਰਬਿਆਂ ਦਾ ਡੇਟਾ ਨਹੀਂ ਪਾਇਆ ਗਿਆ । ਜੇ ਉਹ ਅੰਕੜੇ ਵਿੱਚ ਲਏ ਜਾਂਦੇ ਤਾਂ ਇਸ ਕਿਸਮ ਦੀ ਔਸਤ 20 ਕੁਇੰਟਲ ਪ੍ਰਤੀ ਹੈਕਟੇਅਰ ਤੋਂ ਵੀ ਘੱਟ ਹੋ ਜਾਣੀ ਸੀ। ਇਸ ਤੋਂ ਅਗਲੀ ਗੱਲ, ਇਸ ਕਿਸਮ ਨੂੰ ਟੇਸਟ 'ਵਰੁਨਾ' ਕਿਸਮ ਨਾਲ ਕੀਤਾ ਗਿਆ ਹੈ, ਜੋ ਤਕਰੀਬਨ 25 ਸਾਲ ਪਹਿਲਾਂ ਕੱਢੀ ਗਈ ਸੀ ਤੇ ਉਸ ਦੇ ਮੁਕਾਬਲੇ 19-40 ਪ੍ਰਤੀਸ਼ਤ ਵੱਧ ਝਾੜ ਦਿਖਾ ਕਿ ਤੇਲ ਦਾ ਆਯਾਤ ਘਟਾਈ ਜਾਂਦੇ ਹਨ, ਜਦ ਕਿ ਵਰੁਨਾ ਤੋਂ ਬਾਅਦ ਜਿਹੜੀਆਂ ਕਿਸਮਾਂ ਨਿਕਲੀਆਂ ਹਨ, ਉਹਨਾਂ ਦਾ ਝਾੜ 30-35 ਕੁਇੰਟਲ ਪ੍ਰਤੀ ਹੈਕਟੇਅਰ ਹੈ ਅਤੇ ਜੇ ਇਹ ਕਿਸਮਾਂ 'ਤੇ ਪੂਰਾ ਜ਼ੋਰ ਲਗਾ ਕਿ ਵੱਧ ਤੋਂ ਵੱਧ ਝਾੜ ਲੈਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ 46.93 ਕੁਇੰਟਲ ਪ੍ਰਤੀ ਹੈਕਟੇਅਰ ਤੱਕ ਵੀ ਝਾੜ ਲਿਆ ਜਾ ਸਕਦਾ ਹੈ, ਡੀ ਐੱਮ ਐੱਚ-11 ਕਿਸਮ ਤੋਂ ਤਕਰੀਬਨ ਦੋ ਗੁਣਾਂ।

ਖੇਤੀਬਾੜੀ ਵਾਲੇ ਸਾਇੰਸਦਾਨ ਸਿਧਾਂਤਕ ਤੌਰ 'ਤੇ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਕਿ ਸਰ੍ਹੋਂ ਦੇ ਹਾਇਬਰਿਡ ਨਾਲ 19 ਤੋਂ 40 ਫੀਸਦੀ ਤੱਕ ਝਾੜ ਵਧ ਸਕਦਾ ਹੈ। ਸ਼ਾਇਦ ਜਿਨੇਟਿਕ ਇੰਜੀਨਅਰਿੰਗ ਅਪਰੂਵਲ ਕਮੇਟੀ ਨੇ ਇਸ ਕਿਸਮ ਨੂੰ ਮਨਜ਼ੂਰੀ ਦੇਣ ਵਿਚ ਕਾਹਲੀ ਕੀਤੀ ਅਤੇ ਆਈ ਸੀ ਏ ਆਰ ਦੇ ਤੇਲ ਬੀਜ ਸਾਇੰਸਦਾਨਾਂ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ ਅਤੇ ਅਸਲੀਅਤ ਸਾਹਮਣੇ ਹੀ ਨਹੀਂ ਆਈ। ਇਸ ਦਾ ਪ੍ਰਮਾਣ ਇਥੋਂ ਵੀ ਮਿਲਦਾ ਹੈ ਕਿ ਕਿਸਮ ਕੱਢਣ ਵਾਲਿਆਂ ਮੁਤਾਬਕ ਹੀ ਨਵੀਂ ਕਿਸਮ ਦੇ ਦਾਣੇ ਬਰੀਕ ਹਨ ਅਤੇ ਫਲੀ ਵੀ ਛੋਟੀ ਹੈ। ਇਹਨਾਂ ਦੋਨਾਂ ਗੁਣਾਂ ਦਾ ਝਾੜ 'ਤੇ ਬਹੁਤ ਵੱਡਾ ਅਸਰ ਹੈ। ਇਸ ਸਾਲ ਕਣਕ ਦਾ ਝਾੜ ਘਟਣ ਦਾ ਮੁੱਖ ਕਾਰਨ ਹੀ ਇਹੋ ਸੀ ਕਿ ਗਰਮੀ ਕਾਰਨ ਦਾਣਾ ਬਰੀਕ ਰਹਿ ਗਿਆ। ਸਾਇੰਸਦਾਨਾਂ ਦਾ ਇਹ ਵੀ ਮੰਨਣਾ ਹੈ ਕਿ ਇਹ ਕਿਸਮ ਜਿਥੇ ਟੈਸਟ ਕੀਤੀ ਜਾਂਦੀ ਹੈ, ਉਥੇ ਬੀਜੀ ਆਮ ਫਸਲ ਦਾ ਹਵਾ

20-JAN-PAGE-5.qxd 1/19/2023 10:16 PM Page 1

ਲੋਕਾਂ ਦੇ ਪੈਸੇ ਦੀ ਦੁਰਵਰਤੋਂ ਕਰਨ ਵਾਲੇ ਕਿਸੇ ਹਾਲਤ 'ਚ ਬਖਸ਼ੇ ਨਹੀਂ ਜਾਣਗੇ : ਕਟਾਰੂਚੱਕ

ਖੁਰਾਕ ਤੇ ਸਿਵਲ ਸਪਲਾਈ ਮੰਤਰੀ ਵੱਲੋਂ ਵਿਭਾਗ ਦੇ ਦਫ਼ਤਰਾਂ ਤੇ ਗੋਦਾਮਾਂ ਦੀ ਕੀਤੀ ਚੈਕਿੰਗ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਰਿਸ਼ਵਤਖੋਰੀ ਦੇ ਮਾਮਲੇ 'ਤੇ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾ ਰਹੀ ਹੈ ਅਤੇ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਕਰਨ ਵਾਲੇ ਕਿਸੇ ਵੀ ਹਾਲਤ ਵਿੱਚ ਬਖਸ਼ੇ ਨਹੀਂ ਜਾਣਗੇ। ਇਹ ਪ੍ਰਗਟਾਵਾ ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਲਾਲ ਚੰਦ ਕਟਾਰੂਚੱਕ ਨੇ ਖੁਰਾਕ ਤੇ ਸਪਲਾਈ ਵਿਭਾਗ ਦੇ ਏ.ਐੱਫ.ਐੱਸ.ਓ. ਦਫ਼ਤਰ ਸਰਹਿੰਦ, ਸ਼ਹਿਰ ਦੇ ਭੱਟੀ ਚੌਕ ਸਮੇਤ ਜ਼ਿਲ੍ਹੇ 'ਚ ਸਥਿਤ ਵਿਭਾਗ ਦੇ ਗੋਦਾਮਾਂ ਦੀ ਚੈਕਿੰਗ ਕਰਨ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਦੀ ਸਖਤ ਮਿਹਨਤ ਨਾਲ ਉਪਜੇ ਅਨਾਜ ਦੀ ਸੁਰੱਖਿਆ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਤੇ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਅਸੀਂ ਪੰਜਾਬ ਦੇ ਹਰੇਕ ਵਾਸੀ ਨਾਲ ਗੁੱਡ ਗਵਰਨੈਂਸ ਦੇਣ ਦਾ ਵਾਅਦਾ ਕੀਤਾ ਹੈ ਅਤੇ ਇਸ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਹੋਵੇਗੀ।

ਸ਼੍ਰੀ ਕਟਾਰੂਚੱਕ ਨੇ ਹੋਰ ਕਿਹਾ ਕਿ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵਿੱਚ ਰਿਸ਼ਵਤਖੋਰੀ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਪਿਛਲੇ ਸਮੇਂ 'ਚ 19 ਮਾਮਲੇ ਦਰਜ ਕਰਵਾਏ ਗਏ ਹਨ ਤੇ ਕਈ ਭ੍ਰਿਸ਼ਟ ਅਧਿਕਾਰੀ ਨੌਕਰੀ ਤੋਂ ਡਿਸਮਿਸ ਕੀਤੇ ਗਏ ਹਨ। ਉਨ੍ਹਾ ਕਿਹਾ ਕਿ ਵਿਭਾਗ ਦੇ ਸਮੂਹ ਅਮਲੇ ਨੂੰ ਇਹ ਵੀ ਸਖਤ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਲੋਕਾਂ ਨਾਲ ਕਿਸੇ ਕਿਸਮ ਦਾ ਦੁਰਵਿਹਾਰ ਨਾ ਕੀਤਾ ਜਾਵੇ ਤੇ ਸਰਕਾਰ ਵੱਲੋਂ ਚਲਾਈ ਜਾ ਰਹੀ ਸਕੀਮ ਦਾ ਲਾਭ ਹੇਠਲੇ ਪੱਧਰ ਤੱਕ ਹਰੇਕ ਯੋਗ ਲਾਭਪਾਤਰੀ ਤੱਕ ਪਹੁੰਚਾਇਆ ਜਾਵੇ।

ਖੁਰਾਕ ਤੇ ਸਿਵਲ ਸਪਲਾਈ ਮੰਤਰੀ ਨੇ ਦੱਸਿਆ ਕਿ ਅੱਜ ਉਹ ਵਿਭਾਗ ਦੀਆਂ ਉਨ੍ਹਾਂ ਇਮਾਰਤਾਂ ਦਾ ਜਾਇਜ਼ਾ ਲੈਣ ਲਈ ਪਹੁੰਚੇ ਹਨ, ਜਿੱਥੇ ਕਿ ਅਨਾਜ ਰੱਖਿਆ ਹੋਇਆ ਹੈ ਤਾਂ ਜੋ ਪੰਜਾਬ ਦੇ ਮਿਹਨਤੀ ਕਿਸਾਨਾਂ ਤੇ ਮਜ਼ਦੂਰਾਂ ਦੀ ਸਖਤ ਮਿਹਨਤ ਨਾਲ ਉਪਜੇ ਅਨਾਜ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੀਹੋਂ ਲੱਥਾ ਪੰਜਾਬ ਮਿਲਿਆ ਸੀ, ਜਿਸ ਨੂੰ ਮੁੜ ਤੋਂ ਰੰਗਲਾ ਤੇ ਹੱਸਦਾ ਵੱਸਦਾ ਪੰਜਾਬ ਬਣਾਉਣ ਲਈ ਸਾਡੀ ਸਰਕਾਰ ਦਿਨ ਰਾਤ ਇੱਕ ਕਰਕੇ ਕੰਮ ਕਰ ਰਹੀ ਹੈ।

ਪੱਤਰਕਾਰਾਂ ਵੱਲੋਂ ਕੁਝ ਸ਼ੈਲਰਾਂ 'ਤੇ ਸੀ.ਬੀ.ਆਈ. ਦੇ ਰੇਡ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਬੜ੍ਹਾਵਾ ਦੇਣ ਵਾਲਾ ਚਾਹੇ ਕੋਈ ਵੀ ਹੋਵੇ, ਉਹ ਕਾਨੂੰਨ ਤੋਂ ਨਹੀਂ ਬਚ ਸਕਦਾ। ਇਸ ਲਈ ਜਿਹੜੇ ਵੀ ਵਿਅਕਤੀਆਂ ਨੇ ਪੰਜਾਬ ਦੇ ਲੋਕਾਂ ਨਾਲ ਹੇਰਾ-ਫੇਰੀ ਕੀਤੀ ਹੈ, ਉਹ ਸਭ ਆਪਣੇ ਅੰਜਾਮ ਤੱਕ ਪਹੁੰਚਣਗੇ। ਉਨ੍ਹਾ ਕਿਹਾ ਕਿ ਰਿਸ਼ਵਤਖੋਰੀ ਵਿਰੁੱਧ ਕਾਰਵਾਈ ਕਰਨ ਲਈ ਬਣੀਆਂ ਏਜੰਸੀਆਂ ਆਪਣਾ ਕੰਮ ਕਰ ਰਹੀਆਂ ਹਨ, ਇਸ ਵਿੱਚ ਕੋਈ ਅਣਗਹਿਲੀ ਨਹੀਂ ਵਰਤੀ ਜਾਵੇਗੀ। ਜ਼ਿਲ੍ਹੇ ਦੇ ਇੱਕ ਸ਼ੈਲਰ ਵੱਲੋਂ ਗਲਤ ਦਸਤਾਵੇਜ਼ ਪੇਸ਼ ਕਰਨ ਬਾਰੇ ਪੁਲਸ ਕੇਸ ਦਰਜ ਨਾ ਹੋਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਸ਼੍ਰੀ ਕਟਾਰੂਚੱਕ ਨੇ ਕਿਹਾ ਕਿ ਅਸੀਂ ਪੰਜਾਬ ਦੇ ਲੋਕਾਂ ਨਾਲ ਪਾਰਦਰਸ਼ੀ ਸਰਕਾਰ ਦੇਣ ਦਾ ਵਾਅਦਾ ਕੀਤਾ ਹੈ ਤੇ ਸਾਡੀ ਸਰਕਾਰ ਨੇ ਖਟਕੜ ਕਲਾਂ ਤੋਂ ਸਹੁੰ ਚੁੱਕ ਕੇ ਆਪਣਾ ਕੰਮ ਸ਼ੁਰੂ ਕੀਤਾ ਹੈ, ਇਸ ਲਈ ਭ੍ਰਿਸ਼ਟਾਚਾਰੀਆਂ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗੀ ਤੇ ਜਿਹੜੇ ਵੀ ਲੋਕ ਗੈਰ-ਕਾਨੂੰਨੀ ਕੰਮ ਕਰਨਗੇ, ਉਨ੍ਹਾਂ ਨੂੰ ਆਪਣੇ ਅੰਜਾਮ ਤੱਕ ਪਹੁੰਚਾਇਆ ਜਾਵੇਗਾ। ਸ੍ਰੀ ਕਟਾਰੂਚੱਕ ਨੇ ਵਿਭਾਗ ਦੇ ਦਫ਼ਤਰ ਵਿਖੇ ਲਏ ਜਾਇਜ਼ੇ ਦੌਰਾਨ ਪਾਈਆਂ ਗਈਆਂ ਗਲਤੀਆਂ ਨੂੰ ਤੁਰੰਤ ਹੱਲ ਕਰਨ ਲਈ ਮੌਕੇ 'ਤੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਤੇ ਕਿਹਾ ਕਿ ਆਮ ਲੋਕਾਂ ਨੂੰ ਇਮਾਨਦਾਰ ਪ੍ਰਸ਼ਾਸਨ ਦੇਣ ਲਈ ਅਧਿਕਾਰੀ ਪੂਰੀ ਵਚਨਬੱਧਤਾ ਨਾਲ ਆਪਣੇ ਫਰਜ਼ਾਂ ਨੂੰ ਅੰਜਾਮ ਦੇਣ। ਇਸ ਮੌਕੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਸੰਯੁਕਤ ਡਾਇਰੈਕਟਰ ਡਾ: ਅੰਜੁਮਨ ਭਾਸਕਰ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਹਰਸ਼ਰਨ ਸਿੰਘ ਬਰਾੜ, ਖੁਰਾਕ ਤੇ ਸਪਲਾਈ ਅਫਸਰ ਸਿਕੰਦਰਜੀਤ ਸਿੰਘ, ਏ.ਐੱਫ.ਐੱਸ.ਓ. ਕੇਵਲ ਸਿੰਘ, ਇੰਸਪੈਕਟਰ ਭਵਨਜੀਤ ਸਿੰਘ, ਕਪਿਲ ਸਕਸੈਨਾ, ਭੁਪਿੰਦਰ ਸਿੰਘ ਤੇ ਸੁਨੀਲ ਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ।

ਕੇਂਦਰੀ ਜੇਲ੍ਹ 'ਚੋਂ ਮੋਬਾਇਲ ਫੋਨ, ਨਸ਼ੀਲੀਆਂ ਵਸਤਾਂ ਬਰਾਮਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚ ਤਲਾਸ਼ੀ ਦੌਰਾਨ 2 ਮੋਬਾਇਲ ਫੋਨ, 104 ਪੂੜੀਆਂ ਤੰਬਾਕੂ (ਜਰਦਾ) ਤੇ 9 ਬੰਡਲ ਬੀੜੀਆਂ, 2 ਸਿਗਰਟਾਂ ਦੀਆਂ ਡੱਬੀਆਂ ਬਰਾਮਦ ਕਰਕੇ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ 42, 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਹੌਲਦਾਰ ਦਵਿੰਦਰ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 3144 ਰਾਹੀਂ ਰਿਸ਼ਵਪਾਲ ਗੋਇਲ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 17 ਜਨਵਰੀ 2023 ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਲੰਗਰ ਹਾਲ ਦੀ ਬੈਰਕ ਨੰਬਰ 1 ਦੇ ਅੰਦਰੋਂ ਇੱਕ ਮੋਬਾਇਲ ਫੋਨ ਕੀਪੈਡ ਸਮੇਤ ਬੈਟਰੀ ਤੇ ਬਿਨਾਂ ਸਿੰਮ ਕਾਰਡ ਲਵਾਰਿਸ਼ ਬਰਾਮਦ ਹੋਇਆ ਤੇ ਬੈਰਕ ਦੇ ਅੰਦਰ ਬਣੇ ਬਾਥਰੂਮ ਦੀ ਤਲਾਸ਼ੀ ਦੌਰਾਨ 1 ਮੋਬਾਇਲ ਫੋਨ ਕੀਪੈਡ ਸਮੇਤ ਬੈਟਰੀ ਤੇ ਬਿਨਾਂ ਸਿੰਮ ਕਾਰਡ ਲਵਾਰਿਸ਼ ਬਰਾਮਦ ਹੋਇਆ। ਬੀਤੀ 18 ਜਨਵਰੀ 2023 ਨੂੰ ਬਲਾਕ ਨੰਬਰ 3 ਦੀ ਬੈਰਕ ਨੰਬਰ 3 ਕੋਲ ਜੇਲ੍ਹ ਦੇ ਬਾਹਰੋਂ ਥਰੋ ਕੀਤੇ 7 ਭੂਰੇ ਰੰਗ ਦੀ ਟੇਪ ਵਿੱਚ ਲਪੇਟੇ ਹੋਏ ਪੈਕੇਟ ਮਿਲੇ, ਜਿਨ੍ਹਾਂ ਨੂੰ ਖੋਲ੍ਹ ਕੇ ਚੈੱਕ ਕੀਤਾ ਤਾਂ ਇਨ੍ਹਾਂ ਵਿੱਚੋਂ 104 ਪੂੜੀਆਂ ਤੰਬਾਕੂ (ਜਰਦਾ) ਤੇ 9 ਬੰਡਲ ਬੀੜੀਆਂ, 2 ਸਿਗਰਟਾਂ ਦੀਆਂ ਡੱਬੀਆਂ ਬਰਾਮਦ ਹੋਈਆਂ। ਪੁਲਸ ਨੇ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਭਲਕੇ ਸਾੜੇ ਜਾਣਗੇ ਮੋਦੀ ਸਰਕਾਰ ਦੇ ਪੁਤਲੇ

29 ਨੂੰ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦੀ ਰਿਹਾਇਸ਼ ਵੱਲ ਵਿਸ਼ਾਲ ਰੋਸ ਮਾਰਚ

ਸਮਰਾਲਾ (ਸੁਰਜੀਤ ਸਿੰਘ)-ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੂਬਿਆਂ ਵਿੱਚ ਪੁਰਾਣੀ ਪੈਨਸ਼ਨ ਦੀ ਹੋ ਰਹੀ ਮੁੜ ਬਹਾਲੀ ਖਿਲਾਫ ਆਪਣੇ ਮੰਤਰੀਆਂ, ਕਾਰਪੋਰੇਟ ਪੱਖੀ ਅਰਥ ਸ਼ਾਸਤਰੀਆਂ ਤੇ ਨੀਤੀਕਾਰਾਂ ਰਾਹੀਂ ਯੋਜਨਾਬੱਧ ਪ੍ਰਾਪੇਗੰਡਾ ਕਰਵਾ ਕੇ ਪੁਰਾਣੀ ਪੈਨਸ਼ਨ ਵਿਵਸਥਾ ਨੂੰ ਕੌਮੀ ਵਿਕਾਸ ਤੇ ਅਰਥਚਾਰੇ ਲਈ ਘਾਤਕ ਵਰਤਾਰੇ ਵਜੋਂ ਪ੍ਰਚਾਰਿਆ ਜਾ ਰਿਹਾ ਹੈ, ਜਿਸ ਨੂੰ ਐੱਨ.ਪੀ.ਐੱਸ. ਮੁਲਾਜ਼ਮਾਂ ਦੇ ਹੱਕਾਂ ਲਈ ਮਾਰੂ ਮੰਨਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ (ਪ.ਪ.ਪ.ਫ.) ਵੱਲੋਂ ਕੇਂਦਰ ਸਰਕਾਰ ਖਿਲਾਫ 21 ਨੂੰ ਸਮਰਾਲੇ ਵਿਖੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਤੇ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਸਹਿਯੋਗ ਨਾਲ ਪ੍ਰਧਾਨ ਮੰਤਰੀ ਦਾ ਪੁਤਲਾ ਫੂਕ ਮੁਜ਼ਾਹਰਾ ਕੀਤਾ ਜਾ ਰਿਹਾ ਹੈ, ਜਿਸ ਦੀ ਤਿਆਰੀ ਵਜੋਂ ਮੁਹਿੰਮ ਨੂੰ ਤੇਜ਼ ਕਰ ਦਿੱਤਾ ਗਿਆ। ਪ.ਪ.ਪ.ਫ. ਦੇ ਆਗੂਆਂ ਮਨਪ੍ਰੀਤ ਸਿੰਘ, ਰਕੇਸ਼ ਪੁਹੀੜ, ਅੰਮਿਤਪਾਲ ਸਿੰਘ, ਹਰਦੀਪ ਸਿੰਘ ਤੇ ਸਲਾਹਕਾਰ ਰੁਪਿੰਦਰ ਪਾਲ ਸਿੰਘ ਗਿੱਲ ਨੇ ਦੱਸਿਆ ਕਿ ਨਵੀਂ ਪੈਨਸ਼ਨ ਸਕੀਮ ਨੂੰ ਭਾਜਪਾ ਦੀ ਸਰਕਾਰ ਵੱਲੋਂ 2004 ਵਿੱਚ ਤਥਾਕਥਿਤ ਆਰਥਿਕ ਸੁਧਾਰਾਂ ਤੇ ਅਸੰਗਠਿਤ ਖੇਤਰ ਦੇ ਕਾਮਿਆਂ ਨੂੰ ਪੈਨਸ਼ਨ ਮੁਹੱਈਆ ਕਰਨ ਦੇ ਨਾਂਅ ਹੇਠ ਲਿਆਂਦਾ ਗਿਆ ਸੀ, ਪਰ ਇਸ ਦੇ ਉਲਟ ਅਮਲੀ ਤੌਰ 'ਤੇ ਵੱਡੀ ਗਿਣਤੀ ਵਿੱਚ ਸਰਕਾਰੀ ਮੁਲਾਜ਼ਮਾਂ ਉੱਤੇ ਹੀ, ਜਿਨ੍ਹਾਂ ਕੋਲ ਪਹਿਲੋਂ ਹੀ ਪੁਰਾਣੀ ਪੈਨਸ਼ਨ ਦੀ ਲਾਭਕਾਰੀ ਵਿਵਸਥਾ ਮੌਜੂਦ ਸੀ, ਇਸ ਮੰਡੀ ਅਧਾਰਤ ਕਾਰਪੋਰੇਟ ਪੱਖੀ ਸਕੀਮ ਨੂੰ ਜਬਰੀ ਥੋਪ ਦਿੱਤਾ ਗਿਆ। ਐੱਨ.ਪੀ.ਐੱਸ. ਮੁਲਾਜ਼ਮਾਂ ਵੱਲੋਂ ਨਵੀਂ ਪੈਨਸ਼ਨ ਸਕੀਮ ਦੇ ਮਾਰੂ ਸਿੱਟਿਆਂ ਖਿਲਾਫ ਉਠਾਈ ਅਵਾਜ਼ ਦੇ ਮੱਦੇਨਜ਼ਰ ਰਾਜਸਥਾਨ, ਛੱਤੀਸਗੜ੍ਹ, ਝਾਰਖੰਡ ਮਗਰੋਂ ਹਿਮਾਚਲ ਪ੍ਰਦੇਸ ਵਰਗੇ ਰਾਜਾਂ ਨੇ ਮੁੜ ਪੁਰਾਣੀ ਪੈਨਸ਼ਨ ਯੋਜਨਾ ਨੂੰ ਆਪਣੇ ਰਾਜਾਂ ਵਿੱਚ ਲਾਗੂ ਕਰ ਦਿੱਤਾ ਹੈ, ਜਿਸ ਤੋਂ ਬੁਖਲਾਈ ਮੋਦੀ ਸਰਕਾਰ ਖੁੱਲ੍ਹ ਕੇ ਪੁਰਾਣੀ ਪੈਨਸ਼ਨ ਯੋਜਨਾ ਖਿਲਾਫ ਤੇ ਕਾਰਪੋਰੇਟਾਂ ਦੇ ਹਿੱਤ ਵਿੱਚ ਖੜੀ ਹੋ ਗਈ ਹੈ। ਵਿੱਤ ਮੰਤਰੀ, ਪ੍ਰਧਾਨ ਮੰਤਰੀ ਦੇ ਆਰਥਿਕ ਸਲਾਹਕਾਰ, ਨੀਤੀ ਆਯੋਗ ਦੇ ਉੱਪ ਚੇਅਰਮੈਨ ਮੁਲਾਜ਼ਮਾਂ ਦੀ ਪੀ.ਐੱਫ.ਆਰ.ਡੀ.ਏ. ਕੋਲ ਜਮ੍ਹਾਂ ਹਜ਼ਾਰਾਂ ਕਰੋੜ ਰੁਪਏ ਦੀ ਐਨ.ਪੀ.ਐੱਸ. ਕਟੌਤੀ ਨੂੰ ਨਿਯਮਾਂ ਦਾ ਹਵਾਲਾ ਦੇ ਕੇ ਮੋੜਨ ਤੋਂ ਇਨਕਾਰ ਕਰਨ, ਪੁਰਾਣੀ ਪੈਨਸ਼ਨ ਸਕੀਮ ਨੂੰ ਆਉਣ ਵਾਲੀਆਂ ਪੀੜ੍ਹੀਆਂ 'ਤੇ ਆਰਥਿਕ ਬੋਝ ਦੱਸਣ ਜਿਹੀ ਬਿਆਨਬਾਜ਼ੀ ਕਰ ਰਹੇ ਹਨ, ਜਿਸ ਕਾਰਨ ਸੂਬੇ ਦੇ ਐੱਨ.ਪੀ.ਐੱਸ. ਮੁਲਾਜ਼ਮਾਂ ਅੰਦਰ ਕੇਂਦਰ ਸਰਕਾਰ ਖਿਲਾਫ ਤਿੱਖਾ ਰੋਸ ਹੈ, ਜਿਸ ਕਰਨ 29 ਜਨਵਰੀ ਨੂੰ ਫਗਵਾੜਾ ਵਿਖੇ ਐੱਨ.ਪੀ.ਐੱਸ. ਮੁਲਾਜ਼ਮਾਂ ਦਾ ਸੂਬਾ ਪੱਧਰੀ ਇਕੱਠ ਕਰਕੇ ਭਾਜਪਾ ਸਰਕਾਰ ਦੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦੀ ਰਿਹਾਇਸ਼ ਵੱਲ ਰੋਸ ਮਾਰਚ ਵੀ ਕੀਤਾ ਜਾਵੇਗਾ।

ਕਾਤਰਾਂ

ਕੈਂਸਰ ਨਾਲ ਔਰਤ ਦੀ ਮੌਤ

ਮਾਨਸਾ (ਗੀਤਵਾਲ)-ਪਿਛਲੇ ਤਿੰਨ-ਚਾਰ ਸਾਲਾਂ ਤੋਂ ਕੈਂਸਰ ਦੀ ਬਿਮਾਰੀ ਨਾਲ ਪੀੜਤ ਸ਼ਹਿਰ ਨਿਵਾਸੀ ਸੁਖਵਿੰਦਰ ਕੌਰ (35) ਪਤਨੀ ਸਵ: ਚਾਂਦੀ ਸਿੰਘ ਵਾਸੀ ਬੋਹਾ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ। ਜ਼ਿਕਰਯੋਗ ਹੈ ਕਿ ਇਸ ਔਰਤ ਦਾ ਪਤੀ ਚਾਂਦੀ ਸਿੰਘ ਇਸ ਦੀ ਬਿਮਾਰੀ ਦਾ ਇਲਾਜ ਕਰਾਉਂਦਿਆਂ ਭਾਰੀ ਕਰਜ਼ੇ ਹੇਠ ਦੱਬ ਗਿਆ ਸੀ ਤੇ ਉਸ ਤਣਾਓ ਦੀ ਹਾਲਤ ਫਾਹਾ ਲੈ ਕੈ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ ਸੀ। ਮ੍ਰਿਤਕ ਪਤੀ ਪਤਨੀ ਦੇ ਦੋ ਬੱਚੇ ਹਨ, ਜਿਨ੍ਹਾਂ ਦੇ ਦਾਦਾ-ਦਾਦੀ ਪਹਿਲੋਂ ਹੀ ਅਕਾਲ ਚਲਾਣਾ ਕਰ ਚੁੱਕੇ ਹਨ, ਇਸ ਲਈ ਇਨ੍ਹਾਂ ਮਾਸੂਮ ਬੱਚਿਆਂ ਨੂੰ ਪਾਲਣ ਪੋਸ਼ਣ ਤੇ ਇਨ੍ਹਾਂ ਦੀ ਪੜ੍ਹਾਈ ਜਾਰੀ ਰੱਖਣ ਸਬੰਧੀ ਵੱਡੀ ਸਮੱਸਿਆ ਪੈਦਾ ਹੋ ਗਈ ਹੈ। ਲੋਕ ਭਲਾਈ ਕੱਲਬ ਬੋਹਾ ਦੇ ਪ੍ਰਧਾਨ ਅਮਨਦੀਪ ਸਿੰਘ ਪੰਨੂ ਤੇ ਸਰਪ੍ਰਸਤ ਹਰਪਾਲ ਸਿੰਘ ਪੰਮੀ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਅਨਾਥ ਬੱਚਿਆਂ ਦੀ ਮੱਦਦ ਲਈ ਤੁਰੰਤ ਆਰਥਿਕ ਸਹਾਇਤਾ ਦੇਣ ਦਾ ਐਲਾਨ ਕਰੇ।

ਵਿਅਕਤੀ ਦੀ ਕੁੱਟਮਾਰ ਕਰਕੇ ਔਰਤ ਨਾਲ ਕੀਤੀ ਛੇੜਛਾੜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਔਰਤ ਨਾਲ ਛੇੜਛਾੜ ਕਰਨ ਦੇ ਦੋਸ਼ ਵਿੱਚ ਥਾਣਾ ਮੱਖੂ ਪੁਲਸ ਨੇ 4 ਵਿਅਕਤੀਆਂ ਖਿਲਾਫ 354, 323, 506, 34 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਪੀੜਤ ਔਰਤ ਨੇ ਦੱਸਿਆ ਕਿ ਉਹ ਆਪਣੇ ਪਤੀ ਦੀ ਰੋਟੀ ਲੈ ਕੇ ਖੇਤ ਗਈ ਸੀ, ਤਾਂ ਦੋਸ਼ੀਆਨ ਬਲਦੇਵ ਸਿੰਘ ਪੁੱਤਰ ਬਿਸ਼ਨ ਸਿੰਘ, ਸੁਖਚੈਨ ਸਿੰਘ ਪੁੱਤਰ ਬਲਦੇਵ ਸਿੰਘ, ਮਲੂਕ ਸਿੰਘ ਸਰਪੰਚ ਪੁੱਤਰ ਬਿਸ਼ਨ ਸਿੰਘ, ਬੋਹੜ ਸਿੰਘ ਪੁੱਤਰ ਬਲਦੇਵ ਸਿੰਘ ਵੀ ਉਥੇ ਮੌਜੂਦ ਸਨ। ਇਨ੍ਹਾਂ ਦੀ ਆਪਸ ਵਿੱਚ ਜ਼ਮੀਨ ਨੂੰ ਠੇਕੇ 'ਤੇ ਲੈਣ ਸਬੰਧੀ ਬੋਲ ਬੁਲਾਰਾ ਹੋ ਗਿਆ, ਜਿਸ 'ਤੇ ਦੋਸ਼ੀਆਨ ਨੇ ਹਮਮਸ਼ਵਰਾ ਹੋ ਕੇ ਉਸ ਦੇ ਪਤੀ ਦੀ ਕੁੱਟਮਾਰ ਕੀਤੀ ਤੇ ਉਸ ਨਾਲ ਛੇੜਛਾੜ ਕੀਤੀ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਬਲਵਿੰਦਰ ਕੌਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਗਜਿੰਦਰ ਗੋਇਲ ਜ਼ਿਲ੍ਹਾ ਸਕੱਤਰ ਬਣੇ

ਬਰੇਟਾ (ਗੀਤਵਾਲ)-ਭਾਰਤੀ ਜਨਤਾ ਪਾਰਟੀ ਵੱਲੋਂ ਜ਼ਿਲ੍ਹਾ ਕਾਰਜਕਰਨੀ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿੱਚ ਪਾਰਟੀ ਦੇ ਸੀਨੀਅਰ ਆਗੂ ਗਜਿੰਦਰ ਗੋਇਲ ਬਰੇਟ

page-6-20-(JAN)-2023-G-(BV).qxd 1/19/2023 10:19 PM Page 1

ਡੀ ਏ ਵੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਦੀਆਂ ਗੁਰਮਤਿ ਮੁਕਾਬਲਿਆਂ 'ਚ ਮੋਹਰੀ ਪੁਜ਼ੀਸ਼ਨਾਂ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) : ਸੱਚਖੰਡ ਵਾਸੀ ਸੰਤ ਬਾਬਾ ਦਇਆ ਸਿੰਘ ਦੀ ਸਾਲਾਨਾ ਬਰਸੀ ਨੂੰ ਸਮਰਪਤ 'ਗੁਰਮਤਿ ਮੁਕਾਬਲੇ' ਗੁਰਦੁਆਰਾ ਛਾਉਣੀ ਸਾਹਿਬ ਸੁਰਸਿੰਘ ਵਿਖੇ ਕਰਵਾਏ ਗਏ, ਜਿਸ ਵਿੱਚ ਗੁਰੂ ਨਾਨਕ ਦੇਵ ਡੀ ਏ ਵੀ ਪਬਲਿਕ ਸਕੂਲ, ਭਿੱਖੀਵਿੰਡ ਦੇ ਵਿਦਿਆਰਥੀਆਂ ਨੇ ਭਾਗ ਲੈਂਦਿਆਂ ਮੋਹਰੀ ਪੁਜ਼ੀਸ਼ਨਾਂ 'ਤੇ ਕਬਜ਼ਾ ਕੀਤਾ। ਵਰਨਣਯੋਗ ਹੈ ਕਿ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ 'ਚੋਂ ਅਭੀਜੀਤ ਸਿੰਘ ਜਮਾਤ ਗਿਆਰ੍ਹਵੀਂ ਨੇ ਸੁੰਦਰ ਦੁਮਾਲੇ ਪ੍ਰਤੀਯੋਗਤਾ ਵਿੱਚੋਂ ਪਹਿਲਾ ਸਥਾਨ, ਗੁਰਬੀਰ ਸਿੰਘ ਜਮਾਤ ਗਿਆਰ੍ਹਵੀਂ ਨੇ ਸੁੰਦਰ ਦਸਤਾਰ ਮੁਕਾਬਲੇ ਵਿੱਚੋਂ ਦੂਜਾ ਸਥਾਨ, ਲੜਕੀਆਂ ਦੇ ਸੁੰਦਰ ਦੁਮਾਲੇ ਵਿੱਚੋਂ ਬਵਨੀਤ ਕੌਰ ਜਮਾਤ ਛੇਵੀਂ ਨੇ ਦੂਜਾ ਸਥਾਨ, ਕਿਰਨਦੀਪ ਕੌਰ ਜਮਾਤ ਨੌਵੀਂ ਨੇ ਤੀਜਾ ਸਥਾਨ ਅਤੇ ਜਸਨਪ੍ਰੀਤ ਕੌਰ ਜਮਾਤ ਨੌਵੀਂ ਨੇ ਭਾਸ਼ਨ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਉਪਰੋਕਤ ਵਿਦਿਆਰਥੀਆਂ ਦੀ ਪ੍ਰਾਪਤੀ 'ਤੇ ਖੁਸ਼ੀ ਪ੍ਰਗਟਾਉਂਦਿਆਂ ਸਕੂਲ ਪ੍ਰਿੰਸੀਪਲ ਪਰਮਜੀਤ ਕੁਮਾਰ ਨੇ ਕਿਹਾ ਕਿ ਉਨ੍ਹਾਂ ਦੇ ਵਿਦਿਆਰਥੀ ਪ੍ਰਤੀਯੋਗਤਾਵਾਂ 'ਚ ਭਾਗ ਲੈ ਕੇ ਹਮੇਸ਼ਾ ਸਕੂਲ ਦਾ ਨਾਂ ਰੌਸ਼ਨ ਕਰਦੇ ਹਨ।

ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਚਿਲਡਰਨ ਹੋਮ ਦਾ ਦੌਰਾ

ਗੁਰਦਾਸਪੁਰ (ਜਨਕ ਮਹਾਜਨ) : ਰਜਿੰਦਰ ਅਗਰਵਾਲ, ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਅਤੇ ਮੈਡਮ ਨਵਦੀਪ ਕੌਰ ਗਿੱਲ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਅੱਜ ਚਿਲਡਰਨ ਹੋਮ, ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਵੱਲੋਂ ਚਿਲਡਰਨ ਹੋਮ ਗੁਰਦਾਸਪੁਰ ਦੇ ਹਰ ਇੱਕ ਕਮਰੇ ਦਾ ਨਿਰੀਖਣ ਕੀਤਾ ਗਿਆ। ਚਿਲਡਰਨ ਹੋਮ ਵਿੱਚ ਦੌਰੇ ਦੌਰਾਨ 9 ਬੱਚੇ ਮੌਜੂਦ ਸਨ ਅਤੇ ਬਾਕੀ 4 ਬੱਚੇ ਆਪਣੇ ਘਰ ਗਏ ਹੋਏ ਸਨ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਚਿਲਡਰਨ ਹੋਮ ਦੇ ਪ੍ਰਬੰਧਾਂ ਬਾਰੇ ਉਨ੍ਹਾਂ ਕੋਲੋਂ ਫੀਡਬੈਕ ਲਈ ਅਤੇ ਸਾਰੇ ਹੀ ਬੱਚਿਆਂ ਨੇ ਚਿਲਡਰਨ ਹੋਮ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਉੱਪਰ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਨ ਅਤੇ ਆਪਸ ਵਿੱਚ ਮਿਲ-ਜੁਲ ਕੇ ਰਹਿਣ ਲਈ ਕਿਹਾ। ਇਸ ਮੌਕੇ ਚਿਲਡਰਨ ਹੋਮ, ਗੁਰਦਾਸਪੁਰ ਦਾ ਸਟਾਫ ਵੀ ਮੌਜੂਦ ਸੀ।

ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਅਧੀਨ ਲਾਭ ਲੈਣ ਲਈ ਈ-ਕੇ ਵਾਈ ਸੀ ਜ਼ਰੂਰੀ - ਮੁੱਖ ਖੇਤੀਬਾੜੀ ਅਫਸਰ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ) : ਜਤਿੰਦਰ ਸਿੰਘ ਗਿੱਲ, ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਨੇ ਦੱਸਿਆ ਕਿ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਵਿਤੀ ਲਾਭ ਲੈ ਰਹੇ ਕਿਸਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਨਾਂ ਲਾਭਪਾਤਰੀ ਕਿਸਾਨਾਂ ਨੇ ਅਜੇ ਤੱਕ (ਈ-ਕੇ.ਵਾਈ.ਸੀ.) ਨਹੀਂ ਕਰਵਾਈ ਜਾਂ ਜਿਨ੍ਹਾਂ ਲਾਭਪਾਤਰੀਆਂ ਨੇ ਆਪਣੇ ਬੈਂਕ ਖਾਤੇ ਆਧਾਰ ਕਾਰਡ ਨਾਲ ਲਿੰਕ ਨਹੀਂ ਕਰਵਾਏ, ਉਹ ਅਗਲੀ ਕਿਸਤ ਦਾ ਲਾਭ ਲੈਣ ਲਈ ਜਲਦੀ ਤੋਂ ਜਲਦੀ (ਈ-ਕੇ.ਵਾਈ.ਸੀ.) ਕਰਵਾਉਣ ਅਤੇ ਆਪਣੇ ਬੈਂਕ ਖਾਤੇ ਆਧਾਰ ਕਾਰਡ ਨਾਲ ਲਿੰਕ ਕਰਵਾਉਣ। ਜੇਕਰ ਕਿਸੇ ਵੀ ਕਿਸਾਨ ਨੇ ਅਗਲੀ ਕਿਸਤ ਖਾਤਿਆਂ ਵਿੱਚ ਪੈਣ ਤੋਂ ਪਹਿਲਾਂ ਆਪਣੀ (ਈ-ਕੇ.ਵਾਈ.ਸੀ.) ਨਾਂ ਕਰਵਾਈ ਤਾਂ ਉਸ ਦੇ ਬੈਂਕ ਖਾਤੇ ਵਿੱਚ ਅਗਲੀ ਕਿਸਤ ਦੇ 2000/ ਰੁਪਏ ਨਹੀਂ ਆਉਣਗੇ। ਲਾਭਪਾਤਰੀ ਕਿਸਾਨ ਆਪਣੀ ਓ.ਟੀ.ਪੀ ਅਧਾਰਤ (ਈ-ਕੇ.ਵਾਈ.ਸੀ.) ਆਪਣੇ ਮੋਬਾਇਲ ਫੋਨ ਰਾਹੀਂ ਪੀ.ਐਮ ਕਿਸਾਨ ਪੋਰਟਲ ਤੇ ਆਪ ਵੀ ਕਰ ਸਕਦੇ ਹਨ ਜਾਂ ਕਿਸਾਨ ਆਪਣੇ ਪਿੰਡ ਦੇ ਨਾਲ ਲਗਦੇ ਕਿਸੇ ਵੀ ਕਾਮਨ ਸਰਵਿਸ ਸੈਂਟਰਾਂ (ਸੀ.ਐਸ.ਸੀ.), ਗ੍ਰਾਮ ਸੁਵਿਧਾ ਕੇਂਦਰਾਂ ਵਿੱਚ ਜਾ ਕੇ ਆਪਣੀ (ਈ-ਕੇ.ਵਾਈ.ਸੀ.) ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਬੈਂਕ ਖਾਤਿਆਂ ਨੂੰ ਆਧਾਰ ਕਾਰਡ ਨਾਲ ਲਿੰਕ ਲਾਭਪਾਤਰੀਆਂ ਦੇ ਬੈਂਕਾਂ ਦੁਆਰਾ ਕੀਤਾ ਜਾਣਾ ਹੈ। ਕਿਸੇ ਤਰਾਂ ਦੀ ਮੁਸ਼ਕਲ ਆਉਣ ਦੀ ਸੂਰਤ ਵਿੱਚ ਆਪਣੇ ਨਜ਼ਦੀਕੀ ਖੇਤੀਬਾੜੀ ਦਫਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਉੜਾਨ 'ਤੇ 2022 'ਚ ਭਾਰਤ ਦੇ 1200 ਸ਼ਹਿਰਾਂ 'ਚ 1.7 ਬਿਲੀਅਨ ਤੋਂ ਵੱਧ ਉਤਪਾਦ ਭੇਜੇ

ਲੁਧਿਆਣਾ : ਉੜਾਨ, ਭਾਰਤ ਦੇ ਸਭ ਤੋਂ ਵੱਡੇ ਬਿਜ਼ਨਸ-ਟੂ-ਬਿਜ਼ਨਸ (ਬੀ2ਬੀ) ਈ-ਕਾਮਰਸ ਪਲੇਟਫਾਰਮ ਨੇ ਅੱਜ ਐਲਾਨ ਕੀਤਾ ਹੈ ਕਿ ਉਸ ਨੇ ਪਿਛਲੇ ਕੈਲੰਡਰ ਸਾਲ 2022 ਵਿੱਚ 22 ਮਿਲੀਅਨ ਤੋਂ ਵੱਧ ਆਰਡਰ ਪੂਰੇ ਕਰਦੇ ਹੋਏ 1.7 ਬਿਲੀਅਨ ਤੋਂ ਵੱਧ ਉਤਪਾਦ ਗਾਹਕਾਂ ਨੂੰ ਭੇਜੇ ਗਏ ਹਨ। ਇਹ ਗਾਹਕ ਆਰਡਰ 1200 ਕਸਬਿਆਂ ਅਤੇ ਸ਼ਹਿਰਾਂ ਨੂੰ ਭੇਜੇ ਗਏ ਹਨ ਅਤੇ ਭਾਰਤ ਦੇ ਸਾਰੇ ਰਾਜਾਂ ਵਿੱਚ 12500 ਤੋਂ ਵੱਧ ਪਿੰਨ ਕੋਡ 'ਤੇ ਭੇਜੇ ਗਏ ਹਨ। ਇਸ ਮਿਆਦ ਦੌਰਾਨ ਜ਼ਰੂਰੀ ਖਪਤਕਾਰ ਉਤਪਾਦਾਂ (ਫੈਸ਼, ਐਫਐਮਸੀਜੀ, ਸਟੈਪਲਸ, ਫਾਰਮਾ) ਦੇ ਤਹਿਤ, ਪਲੇਟਫਾਰਮ ਨੇ 17 ਮਿਲੀਅਨ ਆਰਡਰ ਪੂਰੇ ਕੀਤੇ ਹਨ ਅਤੇ ਪਲੇਟਫਾਰਮ ਦੁਆਰਾ 9 ਲੱਖ ਤੋਂ ਵੱਧ ਉਤਪਾਦ ਭੇਜੇ ਗਏ ਹਨ। ਅਖਤਿਆਰੀ (ਇਲੈਕਟ੍ਰੋਨਿਕਸ, ਆਮ ਵਪਾਰਕ ਅਤੇ ਜੀਵਨ ਸ਼ੈਲੀ) ਸ਼੍ਰੇਣੀ ਦੇ ਅਧੀਨ 131 ਮਿਲੀਅਨ ਉਤਪਾਦਾਂ ਵਿੱਚ ਦੁਆਰਾ 2.5 ਮਿਲੀਅਨ ਆਰਡਰ ਪੂਰੇ ਕੀਤੇ ਗਏ ਸਨ। ਇਸ ਸਮੇਂ ਦੌਰਾਨ ਪਲੇਟਫਾਰਮ 'ਤੇ 586 ਵਿਕਰੇਤਾਵਾਂ ਨੇ 1 ਕਰੋੜ ਰੁਪਏ ਤੋਂ ਵੱਧ ਦੀ ਵਿਕਰੀ ਪ੍ਰਾਪਤ ਕੀਤੀ, ਜਦੋਂ ਕਿ 174 ਵਿਕਰੇਤਾਵਾਂ ਨੇ ਪਲੇਟਫਾਰਮ 'ਤੇ 2 ਕਰੋੜ ਰੁਪਏ ਤੋਂ ਵੱਧ ਦਾ ਕਾਰੋਬਾਰ ਕੀਤਾ। ਵੈਭਵ ਗੁਪਤਾ, ਸਹਿ-ਸੰਸਥਾਪਕ ਅਤੇ ਸੀ ਈ ਓ, ਉੜਾਨ ਨੇ ਕਿਹਾ, "ਅਸੀਂ ਆਪਣੇ ਕਾਰੋਬਾਰਾਂ-ਫੂਡ, ਐੱਫ ਐੱਮ ਸੀ ਜੀ, ਇਲੈਕਟ੍ਰੋਨਿਕਸ, ਲਾਈਫਸਟਾਈਲ, ਜਨਰਲ ਮਰਚੈਂਡਾਈਜ਼, ਫਾਰਮਾ ਵਿੱਚ ਮਜ਼ਬੂਤ ਵਾਧਾ ਦੇਖ ਰਹੇ ਹਾਂ ਅਤੇ ਸਾਡੇ ਗਾਹਕਾਂ ਦੁਆਰਾ ਵਾਰ-ਵਾਰ ਖਰੀਦਦਾਰੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ।

PUBLIC NOTICE

A Complaint U/s 138 of N.I. Act titled as Jaswant Singh V/s Sarbjit Singh, NACT No.16 Dated 2019 was pending in the court of Sh. Sushil Bodh SDJM Kapurthala which has been decided by the court on dated 29.04.2021 and Sarbjit Singh S/o Malkit Singh R/o Gali No. 3, Mohalla Greater Kailash, Peer Chaudhary Road, Kapurthala has declared as proclaimed offender in said case. Intimation in this regard be sent the concerned police station.

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਜਗਤਾਰ ਸਿੰਘ
ਤਹਿਸੀਲਦਾਰ-ਕਮ-ਸਬ ਰਜਿਸਟਰਾਰ
ਗੁਰਦਾਸਪੁਰ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਆਤਮ ਸਿੰਘ ਪੁੱਤਰ ਚਤਰ ਸਿੰਘ ਵਾਸੀ ਮਕਾਨ ਨੰ: 224, ਨੇੜੇ ਦੀਪਕ ਨਗਰ ਨਾਰੀ ਰੋਡ ਗੁਰਦੁਆਰਾ ਨਾਗਪੁਰ (ਮਹਾਰਾਸ਼ਟਰਾ) ਵੱਲੋਂ ਇੱਕ ਗੈਰ ਤਸਦੀਕਸ਼ੁਦਾ ਵਸੀਅਤ ਮਿਤੀ 23.3.2021 ਜ਼ੇਰ ਧਾਰਾ 40 (1) ਭਾਰਤੀ ਰਜਿਸਟਰੇਸ਼ਨ ਐਕਟ 1908 ਅਧੀਨ ਰਜਿਸਟਰਡ ਕਰਨ ਲਈ ਮੇਰੇ ਪੇਸ਼ ਕੀਤੀ ਗਈ ਹੈ। ਇਹ ਵਸੀਅਤ ਸ੍ਰੀ ਗੁਰਦੀਸ਼ ਸਿੰਘ ਪੁੱਤਰ ਸ੍ਰੀ ਚਤਰ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਮਕਾਨ ਨੰ: 224 ਨੇੜੇ ਦੀਪਕ ਨਗਰ ਨਾਰੀ ਰੋਡ ਗੁਰਦੁਆਰਾ ਨਾਗਪੁਰ ਨੇ ਆਪਣੇ ਭਰਾ ਸ੍ਰੀ ਆਤਮ ਸਿੰਘ ਪੁੱਤਰ ਚਤਰ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਮਕਾਨ ਨੰ: 224 ਨੇੜੇ ਦੀਪਕ ਨਗਰ ਨਾਰੀ ਰੋਡ ਗੁਰਦੁਆਰਾ ਨਾਗਪੁਰ (ਮਹਾਰਾਸ਼ਟਰਾ) ਦੇ ਹੱਕ ਵਿੱਚ ਕੀਤੀ ਹੋਈ ਹੈ। ਇਹ ਵਸੀਅਤ ਰਜਿਸਟਰ ਕਰਨ ਵਿੱਚ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਲਿਖਤੀ ਰੂਪ ਵਿੱਚ ਅਸਾਲਤਨ ਜਾਂ ਵਕਾਲਤਨ ਇਹ ਇਸ਼ਤਿਹਾਰ ਛਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰੀ ਦੇ ਪੇਸ਼ ਕਰ ਸਕਦੇ ਹਨ। ਇਸ ਤੋਂ ਬਾਅਦ ਕੋਈ ਵੀ ਉਜ਼ਰ ਨਹੀਂ ਸੁਣਿਆ ਜਾਵੇਗਾ ਅਤੇ ਸ੍ਰੀ ਗੁਰਦੀਸ਼ ਸਿੰਘ ਵੱਲੋਂ ਕੀਤੀ ਵਸੀਅਤ ਮਿਤੀ 23.3.2021 ਜ਼ੇਰ ਧਾਰਾ 40 (1) ਭਾਰਤੀ ਰਜਿਸਟਰੇਸ਼ਨ ਐਕਟ 1908 ਅਧੀਨ ਰਜਿਸਟਰਡ ਕਰ ਦਿੱਤੀ ਜਾਵੇਗੀ।

ਅੱਜ ਮਿਤੀ 17.1.2023 ਨੂੰ ਮੇਰੇ ਦਸਤਖਤ ਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਸਬ ਰਜਿਸਟਰਾਰ, ਗੁਰਦਾਸਪੁਰ

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਜਗਸੀਰ ਸਿੰਘ ਮਿੱਤਲ, ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਤਹਿ: ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ।

ਵਿਸ਼ਾ-ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁੱਸਤੀ ਕਰਨ ਸੰਬੰਧੀ ਨੋਟਿਸ

ਨੋਟਿਸ ਬਨਾਮ-ਆਮ ਜਨਤਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਹਰਪ੍ਰੀਤ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਮਾਨਾਂਵਾਲਾ, ਤਹਿ: ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਨੇ ਦਰਖਾਸਤ ਦਿੱਤੀ ਹੈ, ਜਿਸ ਵਿੱਚ ਉਸ ਨੇ ਲਿਖਿਆ ਹੈ ਕਿ ਮਾਨਾਂਵਾਲਾ ਵਿੱਚ ਜੋ ਜ਼ਮੀਨ ਵਿਰਾਸਤ ਵਿੱਚ ਆਈ ਹੈ। ਉਸ ਵਿੱਚ ਉਸ ਦਾ ਨਾਂਅ ਪਰੀਤਮ ਸਿੰਘ ਪੁੱਤਰ ਬਲਬੀਰ ਸਿੰਘ ਚੱਲਿਆ ਆ ਰਿਹਾ ਹੈ। ਖੇਤਰੀ ਅਮਲੇ ਵੱਲੋਂ ਤਸਦੀਕ ਕੀਤਾ ਗਿਆ ਹੈ ਕਿ ਹਰਪ੍ਰੀਤ ਸਿੰਘ ਪੁੱਤਰ ਬਲਬੀਰ ਸਿੰਘ ਅਤੇ ਪ੍ਰੀਤਮ ਸਿੰਘ ਪੁੱਤਰ ਬਲਬੀਰ ਸਿੰਘ ਪਿੰਡ ਮਾਨਾਂਵਾਲਾ ਵਿੱਚ ਇੱਕ ਵਿਅਕਤੀ ਦੇ ਦੋ ਨਾਂਅ ਹਨ। ਦਰਖਾਸਤ ਕਰਤਾ ਦੇ ਆਧਾਰ ਕਾਰਡ, ਪੈਨ ਕਾਰਡ, ਦੋ ਅਖਬਾਰਾਂ ਦੀ ਕਾਪੀ ਅਤੇ ਸਕੂਲ ਦਾ ਸਰਟੀਫਿਕੇਟ ਸਬੂਤ ਵਜੋਂ ਨੱਥੀ ਹਨ।

ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਇਤਰਾਜ਼/ਕਲੇਮ ਦਾਇਰ ਕਰਨ ਲਈ ਮੌਕਾ ਦਿੱਤਾ ਜਾਂਦਾ ਹੈ ਕਿ ਉਪਰੋਕਤ ਹਰਪ੍ਰੀਤ ਸਿੰਘ ਉਰਫ ਪ੍ਰੀਤਮ ਸਿੰਘ ਪੁੱਤਰ ਬਲਬੀਰ ਸਿੰਘ ਦਾ ਨਾਂਅ ਦਰੁੱਸਤ ਕਰਨ 'ਤੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ 15 ਦਿਨਾਂ ਦੇ ਅੰਦਰ-ਅੰਦਰ ਦੇ ਸਕਦਾ ਹੈ। ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਇਤਰਾਜ਼ ਨਾ ਆਉਣ ਦੀ ਸੂਰਤ ਵਿੱਚ ਅੰਦਰਾਜ਼ ਸੋਧ ਕੇ ਫੈਸਲਾ ਕਰ ਦਿੱਤਾ ਜਾਵੇਗਾ।

ਸਹਾਇਕ ਕੁਲੈਕਟਰ ਦਰਜਾ ਦੋਮ, ਲੋਪੋਕੇ
ਨੰ: ਆਰ ਸੀ/482/4.1.2023

Court Notice

In the Court of Ms. Deepti Gupta Addl. Principal Judge Family Court, Sunam.

CNR No. PBSGF2-000142-2022
Next Date : 15.3.2023
Mamta Deep Kaur
Versus
Rachhpal Singh

Publication issued to : Rachhpal Singh Father Randhir Singh Vill. Khwaja Vardutt, Dhianpur, Distt. Gurdaspur.

In above titled case, the defendant (s)/respondent (s) Rachhpal Singh Father Randhir Singh Vill. Khwaja Vardutt, Dhianpur, Distt. Gurdaspur. could not be served. It is ordered that defendant (s)/respondent (s) should appear in person or through counsel on 15.3.2023 at 10.00 a.m.

For details logon to https://highcourtchd.gov.in/?trs=districtnotice&district=Sangrur

Addl. Principal Judge Family Court, Sunam.
Dated, this day of 18.1.2023

Court Notice

In the Court of Ms. Jasleen Narang Judicial Magistrate-Ist Class, Ludhiana.

CNR No. PBLD03-008379-2019
Next Date : 17.2.2023
M/S HDFC Bank Limited
Versus
Naresh Kumar Aggarwal

Publication issued to : Naresh Kumar Aggarwal S/o Amrit Lal Aggarwal R/o H.No. 19, Partap Colony Ludhiana -141001

In above titled case, the accused could not be served. It is ordered that accused should appear in person or through counsel on 17.2.2023 at 10.00 a.m.

For details logon to https://highcourtchd.gov.in/?trs=districtnotice&district=Ludhiana

Judicial Magistrate-Ist Class, Ludhiana.
Dated, this day of 17.1.2023

Court Notice

In the Court of Sh. Tarunpreet Singh Judicial Magistrate-Ist Class, Ludhiana.

CNR No. PBLD03-040161-2019
Next Date : 4.3.2023
COMA No. 29258/2019

Publication issued to : Madan Mishra S/o Shri Surinder Mishra R/o H.No. 192, St. No. 4, Ward No. 7, Puneet Nagar, Ludhiana.

In above titled case, the accused could not be served. It is ordered that accused should appear in person or through counsel on 4.3.2023 at 10.00 a.m.

For details logon to https://highcourtchd.gov.in/?trs=districtnotice&district=Ludhiana

Judicial Magistrate-Ist Class, Ludhiana.
Dated, this day of 12.1.2023

ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨੇਂਸ ਬੈਂਕ ਕੰਪਨੀਜ਼ ਐਕਟ 1956 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ ਤੀਜੀ ਮੰਜ਼ਲ, ਮਿਡਾਸ ਕਾਰਪੋਰੇਟ ਪਾਰਕ 37 ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਮਲਕੀਤ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਮਕਾਨ ਨੰ: 81, ਪਿੰਡ ਮਾਜਰੀ, ਤਹਿ: ਖੰਨਾ, ਜ਼ਿਲ੍ਹਾ ਲੁਧਿਆਣਾ-141401
2. ਹਰਦੀਪ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਮਕਾਨ ਨੰ: 78-ਏ, ਪਿੰਡ ਮਾਜਰੀ, ਤਹਿ: ਖੰਨਾ, ਜ਼ਿਲ੍ਹਾ ਲੁਧਿਆਣਾ-141401

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਪਹਿਲੀ ਨੋਟਿਸ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਭੇਜੇ ਗਏ ਨੋਟਿਸ, ਜੋ ਕਿ ਲਿਫ਼ਾਫ਼ੇ ਅਤੇ ਪ੍ਰਾਪਤੀ ਰਸੀਦਾਂ ਸਨ, ਫਿਰ ਵਾਪਸ ਪ੍ਰਾਪਤ ਨਹੀਂ ਹੋਏ ਸਨ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 10.03.2023 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੌਂਬਰ ਨੰਬਰ 113, ਨਵੀਆਂ ਕਚਹਿਰੀਆ

20-JAN-PAGE-7.qxd 1/19/2023 10:15 PM Page 1

ਸੀ ਪੀ ਐੱਫ ਕਰਮਚਾਰੀ ਯੂਨੀਅਨ ਵੱਲੋਂ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਦਾ ਐਲਾਨ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਸੀ ਪੀ ਐੱਫ ਕਰਮਚਾਰੀ ਯੂਨੀਅਨ ਦੀ ਇੱਕ ਅਹਿਮ ਮੀਟਿੰਗ ਸੂਬਾ ਮੀਤ ਪ੍ਰਧਾਨ ਜਰਨੈਲ ਸਿੰਘ ਔਜਲਾ ਤੇ ਜ਼ਿਲ੍ਹਾ ਪ੍ਰਧਾਨ ਸੁਰਿੰਦਰਪਾਲ ਸਿੰਘ ਦੀ ਅਗਵਾਈ ਵਿੱਚ ਡੀ ਸੀ ਕੰਪਲੈਕਸ ਫਤਹਿਗੜ੍ਹ ਸਾਹਿਬ ਦੀ ਪਾਰਕ ਵਿੱਚ ਹੋਈ। ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਦੱਸਆ ਕਿ ਸੀ ਪੀ ਐੱਫ ਕਰਮਚਾਰੀ ਯੂਨੀਅਨ ਦੀ ਹੋਈ ਸਟੇਟ ਪੱਧਰੀ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ ਹੈ, ਕਿ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸਨ ਲਾਗੂ ਕਰਨ ਸਬੰਧੀ ਕੋਈ ਠੋਸ ਕਦਮ ਨਹੀਂ ਚੁੱਕਿਆ ਜਾ ਰਿਹਾ, ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਟੇਟ ਪੱਧਰੀ ਮੀਟਿੰਗ ਦੌਰਾਨ ਦੁਨੀਆ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਆਉਣ ਵਾਲੀ 26 ਜਨਵਰੀ ਨੂੰ ਪੂਰੇ ਪੰਜਾਬ ਵਿੱਚ ਪੰਜਾਬ ਸਰਕਾਰ ਦੇ ਵਿਰੁੱਧ ਟਵਿਟਰ ਮੁਹਿਮ ਚਲਾਈ ਜਾਵੇਗੀ। ਇਸ ਤੋਂ ਬਾਅਦ 8 ਫਰਵਰੀ ਨੂੰ ਜ਼ਿਲ੍ਹਾ ਪੱਧਰ 'ਤੇ ਮੋਟਰਸਾਈਕਲ ਰੈਲੀ ਕੱਢਣ ਉਪਰੰਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕ ਕੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਪੁਰਾਣੀ ਪੈਨਸ਼ਨ ਲਾਗੂ ਕਾਨੂੰਨ ਦੇ ਨੋਟੀਫਿਕੇਸ਼ਨ ਸਬੰਧੀ ਜਲਦੀ ਫੈਸਲਾ ਨਾ ਲਿਆ ਤਾਂ ਯੂਨੀਅਨ ਨੂੰ ਆਉਣ ਵਾਲੇ ਦਿਨਾਂ ਵਿੱਚ ਹੋਰ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ।

ਇਸ ਮੌਕੇ ਕੁਲਜੀਤ ਜ਼ਿਲ੍ਹਾ ਮੀਤ ਪ੍ਰਧਾਨ, ਗੁਰਵਿੰਦਰ ਸਿੰਘ, ਵਰਿੰਦਰ ਸਿੰਘ, ਪਰਮਿੰਦਰ ਸਿੰਘ, ਸ਼ਮਿੰਦਰ ਸਿੰਘ, ਗੁਰਿੰਦਰ ਸਿੰਘ, ਰਾਜਵਿੰਦਰ ਸਿੰਘ, ਕੁਲਜੀਤ ਸਿੰਘ, ਮਨਜੋਤ ਸਿੰਘ, ਕੁਲਦੀਪ ਸਿੰਘ, ਜਗਦੇਵ ਸਿੰਘ, ਗੁਰਦੀਪ ਸਿੰਘ ਤੇ ਸੁਰੀਆਜੀਤ ਸਿੰਘ ਆਦਿ ਹਾਜ਼ਰ ਸਨ।

ਬੁਢਲਾਡਾ (ਅਸ਼ੋਕ ਲਾਕੜਾ) : ਸਮੂਹ ਮੁਲਾਜ਼ਮਾਂ ਦੀ ਸਾਂਝੀ ਜਥੇਬੰਦੀ ਸੀ ਪੀ ਐੱਫ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਪੰਜਾਬ ਸਰਕਾਰ ਖਿਲਾਫ ਮੋਰਚਾ ਖੋਲ੍ਹਦੇ ਹੋਏ ਸੂਬਾ ਪ੍ਰਧਾਨ ਸੁਖਜੀਤ ਸਿੰਘ ਤੇ ਪ੍ਰਭਜੋਤ ਸਿੰਘ ਬੁਢਲਾਡਾ ਸੂਬਾ ਸੀਨੀਅਰ ਮੀਤ ਪ੍ਰਧਾਨ ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਪੰਜਾਬ ਨੇ ਕਿਹਾ ਪੰਜਾਬ ਸਰਕਾਰ ਨਾਲ ਪੈਨਸ਼ਨ ਬਹਾਲੀ ਲਈ ਨੋਟੀਫਿਕੇਸ਼ਨ ਜਾਰੀ ਹੋਣ ਸਮੇਂ ਹੋਈ ਮੀਟਿੰਗ ਦੌਰਾਨ ਸਰਕਾਰ ਵੱਲੋਂ ਦੋ ਮਹੀਨੇ ਦੇ ਅੰਦਰ-ਅੰਦਰ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਸੰਬੰਧੀ ਹਦਾਇਤਾਂ ਜਾਰੀ ਕਰਨ ਦਾ ਭਰੋਸਾ ਦਿੱਤਾ ਸੀ, ਪਰ ਸਰਕਾਰ ਵੱਲੋਂ ਕੀਤੇ ਵਾਅਦੇ ਮੁਤਾਬਿਕ ਪੁਰਾਣੀ ਪੈਨਸ਼ਨ ਲਾਗੂ ਕਰਨ ਸੰਬੰਧੀ ਮੁਕੰਮਲ ਹਦਾਇਤਾਂ ਅਜੇ ਵੀ ਜਾਰੀ ਨਹੀਂ ਕੀਤੀਆਂ ਗਈਆਂ, ਜਿਸ ਕਾਰਨ ਮੁਲਾਜ਼ਮਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਨੇ ਕਿਹਾ ਜੇਕਰ ਸਰਕਾਰ ਮੁਕੰਮਲ ਨੋਟੀਫਿਕੇਸ਼ਨ ਜਾਰੀ ਨਹੀਂ ਕਰਦੀ, ਮੁਲਾਜ਼ਮਾਂ ਦਾ ਐੱਨ ਪੀ ਐੱਸ ਬੰਦ ਕਰਕੇ ਜੀ ਪੀ ਐੱਫ ਖਾਤੇ ਨਹੀਂ ਖੋਲਦੀ ਤਾਂ 8 ਫਰਵਰੀ ਨੂੰ ਪੂਰੇ ਪੰਜਾਬ 'ਚ ਜ਼ਿਲ੍ਹਾ ਪੱਧਰ 'ਤੇ ਡੀ ਸੀ ਦਫ਼ਤਰਾਂ ਦੇ ਬਾਹਰ ਮੁੱਖ ਮੰਤਰੀ ਦੇ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ। ਇਸ ਮੌਕੇ ਸ਼ਿਵ ਕੁਮਾਰ, ਪ੍ਰਗਟ ਰਾਮ, ਸਤੀਸ਼ ਕੁਮਾਰ, ਸੁਖਪਾਲ ਕੌਰ ਗੌਰਵ ਸਿੰਗਲਾ, ਭੁਪਿੰਦਰ ਸਿੰਘ ਤੇ ਪਰਮਪਾਲ ਸਿੰਘ ਸਿੰਘ ਨੇ ਕਿਹਾ ਜੇਕਰ ਸਰਕਾਰ ਵੱਲੋਂ ਫਿਰ ਵੀ ਮੁਕੰਮਲ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਤਾਂ ਸੂਬਾ ਪੱਧਰੀ ਪ੍ਰੋਗਰਾਮ ਦਾ ਯੂਨੀਅਨ ਵੱਲੋਂ ਜਲਦੀ ਹੀ ਐਲਾਨ ਕੀਤਾ ਜਾਵੇਗਾ।

ਇਲਾਕੇ ਦੇ ਕਿਸਾਨਾਂ ਦੀ ਲੰਮੇ ਸਮੇਂ ਤੋਂ ਮੰਗ ਨੂੰ ਪਿਆ ਬੂਰ !

ਹਰੀਕੇ ਹੈੱਡ ਵਰਕਸ ਤੋਂ ਸਾਫ ਨਹਿਰੀ ਪਾਣੀ ਮੁਹੱਈਆ ਕਰਵਾਇਆ ਜਾਵੇਗਾ : ਦਹੀਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਇਲਾਕੇ ਦੇ ਕਿਸਾਨਾਂ ਦੀ ਚਿਰੋਕਣੀ ਮੰਗ 'ਤੇ ਈਸਟਰਨ ਨਹਿਰ ਹੁਸੈਨੀਵਾਲਾ ਹੈੱਡ ਵਰਕਸ ਤੋਂ ਨਿਕਲਦੀ ਹਰੀਕੇ ਹੈੱਡ ਵਰਕਸ ਤੋਂ ਫਿਰੋਜ਼ਪੁਰ ਫੀਡਰ ਰਾਹੀਂ ਸਾਫ ਨਹਿਰੀ ਪਾਣੀ ਮੇਨ ਬਰਾਂਚ ਨੂੰ ਬਾਲੇਵਾਲਾ ਹੈੱਡ ਤੋਂ ਰਿਵਰਸ ਫੀਡ ਕਰਕੇ ਲੂਥਰ ਹੈੱਡ ਤੇ ਮੁਹੱਈਆ ਕਰਵਾਇਆ ਜਾਵੇਗਾ।ਇਹ ਜਾਣਕਾਰੀ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਰਜਨੀਸ਼ ਦਹੀਆ ਨੇ ਬਾਲੇਵਾਲਾ ਹੈੱਡ ਵਰਕਸ ਦਾ ਦੌਰਾ ਕਰਨ ਮੌਕੇ ਦਿੱਤੀ।ਵਿਧਾਇਕ ਦਹੀਆ ਨੇ ਦੱਸਿਆ ਕਿ ਈਸਟਰਨ ਨਹਿਰ ਹੁਸੈਨੀਵਾਲਾ ਹੈੱਡ ਵਰਕਸ ਤੋਂ ਨਿਕਲਦੀ ਹੈ ਤੇ ਇਸ ਦੀ ਲੰਬਾਈ 26300 ਫੁੱਟ ਹੈ।ਈਸਟਰਨ ਨਹਿਰ ਦੀ ਬੁਰਜੀ 26300 ਤੇ ਲੂਥਰ ਹੈੱਡ ਹੈ, ਜਿਸ ਤੋਂ ਕਰਮਵਾਰ ਮਮਦੋਟ ਰਜਬਾਹਾ, ਜਲਾਲਾਬਾਦ ਬਰਾਂਚ, ਸੋਢੀਵਾਲਾ ਰਜਬਾਹਾ ਨਿਕਲਦੇ ਹਨ, ਜਿਸ ਰਾਹੀਂ ਫਿਰੋਜ਼ਪੁਰ, ਮਮਦੋਟ, ਗੁਰ ਹਰਸਹਾਏ, ਜਲਾਲਾਬਾਦ ਤੇ ਫਾਜ਼ਿਲਕਾ ਦੇ ਸਰਹੱਦੀ ਇਲਾਕੇ ਦੇ ਕਿਸਾਨਾਂ ਨੂੰ ਸਿੰਚਾਈ ਲਈ ਨਹਿਰੀ ਪਾਣੀ ਮੁਹੱਈਆ ਕਰਵਾਇਆ ਜਾਂਦਾ ਹੈ।ਉਨ੍ਹਾ ਦੱਸਿਆ ਕਿ ਹੁਸੈਨੀਵਾਲਾ ਹੈੱਡ ਵਰਕਸ ਤੇ ਸਤਲੁਜ ਦਰਿਆ ਵਿੱਚ, ਜੋ ਪਾਣੀ ਹਰੀਕੇ ਹੈੱਡ ਵਰਕਸ ਤੋਂ ਛੱਡਿਆ ਜਾਂਦਾ ਹੈ, ਉਹ ਦਰਿਆ ਦੀ ਇੱਕ ਕਰੀਕ ਪਾਕਿਸਤਾਨ ਦੇ ਕਸੂਰ ਸ਼ਹਿਰ ਦੇ ਨਜ਼ਦੀਕ ਦੀ ਹੋ ਕੇ ਆਉਂਦੀ ਹੈ, ਜਿੱਥੋਂ ਚਮੜਾ ਉਦਯੋਗ ਦਾ ਗੰਦਾ ਪਾਣੀ ਹੁਸੈਨੀਵਾਲਾ ਹੈੱਡ ਵਰਕਸ ਦੇ ਅੱਪ ਸਟ੍ਰੀਮ ਦੇ ਸੱਜੇ ਪਾਸੇ ਪੈਂਦਾ ਹੈ।ਇਹ ਗੰਦਾ ਪਾਣੀ ਸਤਲੁਜ ਦਰਿਆ ਵਿੱਚ ਮਿਲ ਜਾਂਦਾ ਹੈ ਤੇ ਈਸਟਰਨ ਕੈਨਾਲ ਵਿੱਚ ਹੁਸੈਨੀਵਾਲਾ ਹੈੱਡ ਵਰਕਸ ਤੋਂ ਲੂਥਰ ਹੈੱਡ ਤੱਕ ਆਉਂਦਾ ਹੈ।ਇਲਾਕੇ ਦੇ ਕਿਸਾਨਾਂ ਵੱਲੋਂ ਇਸ ਗੰਦੇ ਨਹਿਰੀ ਪਾਣੀ ਦੀ ਵਰਤੋਂ ਕਰਨ ਵਿੱਚ ਪ੍ਰਹੇਜ਼ ਕੀਤਾ ਜਾਂਦਾ ਹੈ।ਕਿਸਾਨਾਂ ਦੀ ਮੰਗ ਸੀ ਕਿ ਉਨ੍ਹਾਂ ਨੂੰ ਸਿੰਚਾਈ ਲਈ ਸਾਫ਼ ਨਹਿਰੀ ਪਾਣੀ ਮੁਹੱਈਆ ਕਰਾਇਆ ਜਾਵੇ।ਉਨ੍ਹਾ ਦੱਸਿਆ ਕਿ ਉਪਰੋਕਤ ਮੰਗ ਦੇ ਮੱਦੇਨਜ਼ਰ ਪ੍ਰਮੁੱਖ ਸਕੱਤਰ, ਜਲ ਸਰੋਤ ਵਿਭਾਗ ਪੰਜਾਬ ਚੰਡੀਗੜ੍ਹ ਵੱਲੋਂ ਲੰਬੇ ਸਮੇਂ ਤੋਂ ਬੰਦ ਪਈ ਮੇਨ ਬਰਾਂਚ ਕੈਨਾਲ ਦਾ ਮੌਕਾ ਦੇਖਿਆ ਗਿਆ ਤੇ ਬਾਲੇਵਾਲਾ ਹੈੱਡ ਦੇ ਡਾਊਨ ਸਟ੍ਰੀਮ ਮੇਨ ਬਰਾਂਚ ਵਿੱਚ ਲੋੜੀਂਦਾ ਕੰਮ ਕਰਵਾਉਣ ਉਪਰੰਤ ਨਹਿਰ ਨੂੰ ਬਾਲੇਵਾਲਾ ਹੈੱਡ ਤੋਂ ਰਿਵਰਸ ਫੀਡ ਕਰਕੇ ਚਾਲੂ ਕਰ ਦਿੱਤਾ ਗਿਆ।ਵਿਧਾਇਕ ਰਜਨੀਸ਼ ਦਹੀਆ ਨੇ ਦੱਸਿਆ ਕਿ ਇਸ ਨਾਲ ਪੰਜ ਵਿਧਾਨ ਸਭਾ ਹਲਕੇ ਫਿਰੋਜ਼ਪੁਰ ਦਿਹਾਤੀ, ਫਿਰੋਜ਼ਪੁਰ ਸ਼ਹਿਰੀ, ਗੁਰੂ ਹਰਸਹਾਏ, ਜਲਾਲਾਬਾਦ ਤੇ ਫਾਜ਼ਿਲਕਾ ਦੇ ਸਰਹੱਦੀ ਖੇਤਰ ਦੇ ਕਿਸਾਨਾਂ ਨੂੰ ਲੂਥਰ ਹੈੱਡ ਤੋਂ ਨਿਕਲਣ ਵਾਲੀਆਂ ਸੋਢੀਵਾਲਾ ਡਿਸਟ੍ਰੀਬਿਊਟਰੀ, ਜਲਾਲਾਬਾਦ ਬਰਾਂਚ ਤੇ ਮਮਦੋਟ ਰਜਬਾਹਾ (ਲਛਮਣ ਨਹਿਰ) ਰਾਹੀਂ ਸਿੰਚਾਈ ਲਈ ਸਾਫ਼ ਨਹਿਰੀ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾ ਕਿਹਾ ਕਿ ਪਹਿਲਾਂ ਇਹ ਨਹਿਰਾਂ ਛਿਮਾਹੀ ਸਨ, ਇਨ੍ਹਾਂ ਨਹਿਰਾਂ ਵਿੱਚ ਕੇਵਲ ਸਾਉਣੀ ਸੀਜ਼ਨ ਦੌਰਾਨ ਝੋਨੇ ਦੀ ਫਸਲ ਲਈ ਪਾਣੀ ਚਲਾਇਆ ਜਾਂਦਾ ਸੀ। ਉਨ੍ਹਾ ਕਿਹਾ ਕਿ ਕਿਸਾਨਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਹੁਣ ਇਹ ਨਹਿਰਾਂ ਪੂਰਾ ਸਾਲ ਲੋੜ ਅਨੁਸਾਰ ਚਲਾਈਆਂ ਜਾਣਗੀਆਂ ਤੇ ਇਸ ਨਾਲ ਲਗਭਗ 70,000 ਏਕੜ ਰਕਬੇ ਨੂੰ ਵੱਧ ਸਿੰਚਾਈ ਸਹੂਲਤਾਂ ਮਿਲਣਗੀਆਂ।

ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਰਜਨੀਸ਼ ਦਹੀਆ ਬਾਲੇਵਾਲਾ ਹੈੱਡ ਵਰਕਸ ਦਾ ਦੌਰੇ ਦੌਰਾਨ ਜਾਣਕਾਰੀ ਦਿੰਦੇ ਹੋਏ।

ਕਾਤਰਾਂ

ਅਸਲੇ ਸਮੇਤ ਕਾਬੂ

ਛਾਜਲੀ (ਹਰਬੰਸ ਸਿੰਘ ਛਾਜਲੀ)-ਨਜਾਇਜ਼ ਪਿਸਤੌਲ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ। ਸੀ.ਆਈ.ਏ. ਸਟਾਫ ਬਹਾਦਰ ਸਿੰਘ ਵਾਲਾ ਦੇ ਸਹਾਇਕ ਥਾਣੇਦਾਰ ਬਲਕਾਰ ਸਿੰਘ ਨੇ ਦੱਸਿਆ ਕਿ ਸਮੇਤ ਪੁਲਸ ਪਾਰਟੀ ਗਸ਼ਤ-ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੀ ਕੀਤੀ ਜਾ ਰਹੀ ਸੀ। ਮੁਖਬਰੀ ਦੇ ਅਧਾਰ 'ਤੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਨਜਾਇਜ਼ ਪਿਸਤੌਲ 315 ਬੋਰ ਤੇ 8 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਪੁਲਸ ਥਾਣਾ ਛਾਜਲੀ ਵਿਖੇ ਗੁਲਾਬ ਸਿੰਘ ਵਾਸੀ ਗੋਬਿੰਦਪੁਰਾ ਨਾਗਰੀ ਖਿਲਾਫ ਆਰਮਜ਼ ਐਕਟ ਅਧੀਨ ਮੁਕੱਦਮਾ ਨੰਬਰ 8 ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਖੇਤੀ ਮੋਟਰਾਂ ਲਈ ਦਿਨ ਸਮੇਂ 10 ਘੰਟੇ ਬਿਜਲੀ ਸਪਲਾਈ ਦੇਣ ਦੀ ਮੰਗ

ਬੁਢਲਾਡਾ (ਅਸ਼ੋਕ ਲਾਕੜਾ)-ਰਾਤ ਸਮੇਂ ਠੰਡ ਤੇ ਕੋਰਾ ਪੈਣ ਕਾਰਨ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਦੀ ਸਿੰਚਾਈ ਲਈ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ ਖੇਤੀ ਮੋਟਰਾਂ ਲਈ ਦਿਨ ਸਮੇਂ ਰੋਜ਼ਾਨਾ 10 ਘੰਟੇ ਬਿਜਲੀ ਸਪਲਾਈ ਦੇਣ ਦੀ ਮੰਗ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਬਲਾਕ ਬੁਢਲਾਡਾ ਤੇ ਭੀਖੀ ਦੇ ਆਗੂਆਂ ਨੇ ਅੱਜ ਪਾਵਰਕਾਮ ਬੁਢਲਾਡਾ ਦੇ ਐੱਸ ਡੀ ਓ ਨੂੰ ਮੰਗ ਪੱਤਰ ਦਿੱਤਾ। ਇਹ ਜਾਣਕਾਰੀ ਦਿੰਦਿਆਂ ਸੂਬਾ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਚੱਕ ਭਾਈਕੇ ਤੇ ਬਲਾਕ ਬੁਢਲਾਡਾ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਦੋਦੜਾ ਨੇ ਦੱਸਿਆ ਕਿ ਸਰਦੀਆਂ ਦੇ ਮੌਸਮ ਦੌਰਾਨ ਭਾਰੀ ਠੰਡ ਤੇ ਧੁੰਦ ਦੇ ਚੱਲਦਿਆਂ ਕਿਸਾਨਾਂ ਨਾਲ ਵੀ ਹਮਦਰਦੀ ਵਿਖਾਈ ਜਾਵੇ, ਜਿਸ ਲਈ ਮੌਜੂਦਾ ਮੌਸਮ ਦੌਰਾਨ ਕੜਾਕੇ ਦੀ ਠੰਢ ਤੇ ਰਾਤਾਂ ਨੂੰ ਭਾਰੀ ਕੋਰਾ ਜੰਮਣ ਕਾਰਨ ਮਹਿਕਮਾ ਪਾਵਰਕਾਮ ਵੱਲੋਂ ਕਿਸਾਨਾਂ ਨੂੰ ਰਾਹਤ ਦਿੰਦੇ ਹੋਏ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਦੀ ਸਿੰਚਾਈ ਵਾਸਤੇ ਖੇਤੀ ਮੋਟਰਾਂ ਚਲਾਉਣ ਲਈ ਬਿਨਾਂ ਕਿਸੇ ਪਾਵਰ ਕੱਟ ਤੋਂ ਰੋਜ਼ਾਨਾ ਦਿਨ ਦੇ ਸਮੇਂ 10 ਘੰਟੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇ। ਇਸ ਮੌਕੇ ਗੁਰਨਾਮ ਸਿੰਘ ਭੀਖੀ, ਮਹਿੰਦਰ ਸਿੰਘ ਗੁੜੱਦੀ, ਗੁਰਜੰਟ ਸਿੰਘ ਤੇ ਮਹਿੰਦਰ ਸਿੰਘ ਸਤੀਕੇ, ਕੰਮਾਂ ਸਿੰਘ ਭੀਖੀ ਮੌਜੂਦ ਸਨ।

ਵਿਦਿਆਰਥੀਆਂ ਨੂੰ ਚਾਈਨਾ ਡੋਰ ਨਾ ਵਰਤਣ ਲਈ ਪ੍ਰੇਰਿਆ

ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)-ਸਰਕਾਰੀ ਪ੍ਰਾਇਮਰੀ ਸਕੂਲ ਹੋਸਟਲ ਬਰਨਾਲਾ ਵਿਖੇ ਵਿਦਿਆਰਥੀਆਂ ਨੂੰ ਬਸੰਤ ਪੰਚਮੀ ਮੌਕੇ ਪਤੰਗ ਉਡਾਉਣ ਲਈ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਸਬੰਧੀ ਪ੍ਰੇਰਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਕਲਸਟਰ ਹੈੱਡ ਟੀਚਰ ਰਮਨਦੀਪ ਸਿੰਘ ਨੇ ਦੱਸਿਆ ਕਿ ਸਵੇਰ ਦੀ ਸਭਾ 'ਚ ਵਿਦਿਆਰਥੀਆਂ ਨੂੰ ਚਾਈਨਾ ਡੋਰ ਦੀ ਵਰਤੋਂ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਕੁਝ ਚਿਰ ਦੇ ਸ਼ੌਕ ਲਈ ਹੋਰਨਾਂ ਦੀ ਜਾਨ ਖਤਰੇ 'ਚ ਨਾ ਪਾਉਣ। ਉਨ੍ਹਾ ਦੱਸਿਆ ਕਿ ਚਾਈਨਾ ਡੋਰ ਕਾਰਨ ਲੋਕਾਂ ਨੂੰ ਗੰਭੀਰ ਸੱਟਾਂ ਵੱਜਦੀਆਂ ਹਨ, ਸਰੀਰ ਉੱਤੇ ਕੱਟ ਪੈ ਜਾਂਦੇ ਨੇ ਤੇ ਕੁਝ ਲੋਕ ਆਪਣੀ ਜਾਨ ਤੱਕ ਗਵਾ ਲੈਂਦੇ ਹਨ। ਚਾਈਨਾ ਡੋਰ ਦਾ ਪੰਛੀਆਂ 'ਤੇ ਬੜਾ ਖੌਫ਼ਨਾਕ ਅਸਰ ਹੁੰਦਾ ਹੈ। ਇਸ ਮੌਕੇ ਬੱਚਿਆਂ ਨੇ ਆਪਣੇ ਅਧਿਆਪਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਬਸੰਤ ਮੌਕੇ ਚਾਈਨਾ ਡੋਰ ਦੀ ਵਰਤੋਂ ਨਹੀਂ ਕਰਨਗੇ।

ਚੋਰੀ ਦੇ ਦੋਸ਼ 'ਚ ਦੋ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਥਾਣਾ ਸਿਟੀ ਪੁਲਸ ਨੇ ਚੋਰੀ ਕਰਨ ਦੇ ਦੋਸ਼ ਹੇਠ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਬਲਦੇਵ ਸਿੰਘ ਵਾਸੀ ਘੁਮਿਆਰਾ ਖੇੜਾ ਨੇ ਦੱਸਿਆ ਕਿ ਉਸ ਦੀ ਢਾਣੀ ਘੁਮਿਆਰਾ ਖੇੜਾ ਤੋਂ 2 ਕਿਲੋਮੀਟਰ ਦੂਰ ਹੈ ਤੇ ਨਿੰਕੂ ਸਿੰਘ ਵਾਸੀ ਘੁਮਿਆਰਾ ਖੇੜਾ ਝੋਨੇ ਸਮੇਂ ਦੋ ਮਹੀਨੇ ਪਹਿਲਾਂ ਉਨ੍ਹਾਂ ਕੋਲ ਮਜ਼ਦੂਰੀ ਕਰਦੇ ਰਹੇ ਹਨ ਅਤੇ ਬੀਤੇਂ ਦਿਨੀਂ ਨਿੰਕੂ ਸਿੰਘ ਤੇ ਗੁਰਪ੍ਰੀਤ ਸਿੰਘ ਵਾਸੀ ਘੁਮਿਆਰਾ ਖੇੜਾ ਉਸ ਦੀ ਢਾਣੀ 'ਤੇ ਆਏ, ਜਿਨ੍ਹਾਂ ਨੇ ਲੈਂਬੀ 'ਚ ਵੜ ਕੇ ਬੈੱਡਰੂਮ ਵਾਲੇ ਕਮਰੇ ਨੂੰ ਧੱਕੇ ਮਾਰੇ ਸਨ ਤਾਂ ਉਸ ਵੱਲੋਂ ਨੇੜੇ ਢਾਣੀ ਵਾਲਿਆਂ ਨੂੰ ਫੋਨ ਕਰਕੇ ਬੁਲਾਇਆ ਤਾਂ ਉਕਤ ਵਿਅਕਤੀ ਭੱਜ ਗਏ। ਉਸ ਉਪਰੰਤ ਫ਼ਿਰ 17 ਜਨਵਰੀ ਨੂੰ ਰਾਤ ਸਮੇਂ ਉਸ ਦੀ ਢਾਣੀ 'ਤੇ ਆਏ ਤੇ ਕਰੀਬ 60 ਕਿੱਲੋ ਲੋਹੇ ਦਾ ਗਾਡਰ ਮੋਟਰਸਾਈਕਲ 'ਤੇ ਚੋਰੀ ਕਰਕੇ ਲਿਜਾਂਦੇ ਦੇਖ ਲਿਆ ਸੀ ਤੇ ਉਕਤ ਵਿਅਕਤੀਆਂ ਨੇ ਪੰਚਾਇਤ ਵਿੱਚ ਵੀ ਗਾਡਰ ਚੋਰੀ ਕਰਨ ਦੀ ਗੱਲ ਮੰਨ ਲਈ। ਪੁਲਸ ਨੇ ਉਕਤ ਵਿਅਕਤੀਆਂ 'ਤੇ ਮੁਕੱਦਮਾ ਦਰਜ ਕਰਕੇ ਕਾਰਵਾਈ ਕਰਦੇ ਹੋਏ ਉਕਤ ਵਿਅਕਤੀਆਂ ਨੂੰ ਲੋਹੇ ਦੇ ਗਾਡਰ ਤੇ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ।

ਡੀ ਸੀ ਵੱਲੋਂ ਚਾਈਨਾ ਡੋਰ ਵਿਰੁੱਧ ਚੈਕਿੰਗ ਲਈ ਟੀਮਾਂ ਦਾ ਗਠਨ

ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)-ਜ਼ਿਲ੍ਹਾ ਮੈਜਿਸਟ੍ਰੇਟ ਬਰਨਾਲਾ ਪੂਨਮਦੀਪ ਕੌਰ ਵੱਲੋਂ ਫ਼ੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧ

20-Jan-PAGE-8.qxd 1/19/2023 10:34 PM Page 1

ਨਗਰ ਕੌਂਸਲ ਫਿਲੌਰ ਤੇ ਪੁਲਸ ਪ੍ਰਸ਼ਾਸਨ ਵੱਲੋਂ ਚਾਈਨਾ ਡੋਰ ਖਿਲਾਫ ਦੁਕਾਨਾਂ 'ਤੇ ਛਾਪੇਮਾਰੀ

ਫਿਲੌਰ, (ਨਿਰਮਲ)

ਪੰਜਾਬ ਸਰਕਾਰ ਵੱਲੋਂ ਚਾਈਨਾ ਡੋਰ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਨਗਰ ਕੌਂਸਲ ਫਿਲੌਰ ਅਤੇ ਫਿਲੌਰ ਪੁਲਸ ਪ੍ਰਸਾਸ਼ਨ ਵੱਲੋਂ ਸਾਂਝੇ ਤੌਰ 'ਤੇ ਦੁਕਾਨਾਂ ਤੇ ਛਾਪੇਮਾਰੀ ਕੀਤੀ ਗਈ। ਇਸ ਮੌਕੇ ਨਗਰ ਕੌਂਸਲ ਦੇ ਦਲੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਚਾਈਨਾ ਡੋਰ ਖਿਲਾਫ ਵੱਖ ਵੱਖ ਦੁਕਾਨਾਂ 'ਤੇ ਛਾਪੇਮਾਰੀ ਕੀਤੀ ਗਈ। ਜਿਸ ਦੌਰਾਨ ਉਨ੍ਹਾਂ ਨੂੰ ਕਿਸੇ ਵੀ ਦੁਕਾਨ ਤੋਂ ਚਾਈਨਾ ਡੋਰ ਨਹੀਂ ਬਰਾਮਦ ਹੋਈ। ਉਨ੍ਹਾਂ ਕਿਹਾ ਕਿ ਚਾਈਨਾ ਡੋਰ ਕਾਰਨ ਜੋ ਹਾਦਸੇ ਹੋ ਰਹੇ ਹਨ ਉਨ੍ਹਾਂ ਨੂੰ ਦੇਖਦੇ ਹੋਏ ਉਹ ਫੇਰ ਵੀ ਹਰ ਦੁਕਾਨ ਉਤੇ ਜਾ ਕੇ ਚੈਕਿੰਗ ਕਰ ਰਹੇ ਹਨ ਅਤੇ ਕਰਦੇ ਰਹਿਣਗੇ। ਇਸ ਮੌਕੇ ਹਾਜਰ ਸਾਬਕਾ ਕੌਂਸਲਰ ਸੁਰਿੰਦਰ ਡਾਵਰ ਨੇ ਚਾਈਨਾ ਡੋਰ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਨਗਰ ਕੌਂਸਲ ਅਤੇ ਪ੍ਰਸਾਸ਼ਨ ਨੂੰ ਬੇਸ਼ੱਕ ਹਾਲੇ ਤੱਕ ਕਿਸੇ ਦੁਕਾਨ ਤੋਂ ਚਾਇਨਾ ਡੋਰ ਬਰਾਮਦ ਨਹੀਂ ਹੋਈ ਪਰ ਫਿਲੌਰ ਵਿੱਚ 90 ਪ੍ਰਤੀਸ਼ਤ ਪਤੰਗ ਚਾਈਨਾ ਡੋਰ ਨਾਲ ਉਡਾ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਸਾਸ਼ਨ ਛਾਪੇਮਾਰੀ ਕਰਕੇ ਸਿਰਫ ਖਾਨਾਪੂਰਤੀ ਹੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਹਿਰ ਦੇ ਘਰਾਂ 'ਚ ਜਾ ਕੇ ਦੇਖੋ ਕਿ ਪਤੰਗ ਚੜ੍ਹਾਉਣ ਵਾਲੇ ਜਿਆਦਾਤਰ ਚਾਈਨਾ ਡੋਰ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਹਦਾਇਤਾਂ 'ਚ ਚਾਈਨਾ ਡੋਰ ਵੇਚਣ ਵਾਲਾ ਅਤੇ ਖਰੀਦਣ ਵਾਲਾ ਦੋਵੇਂ ਦੋਸ਼ੀ ਹਨ। ਇਸ ਸੰਬੰਧੀ ਪਤੰਗ ਵੇਚਣ ਵਾਲੇ ਰਾਜਨ ਕੁਮਾਰ ਦੁਕਾਨਦਾਰ ਨੇ ਬਾਕੀ ਦੁਕਾਨਾਂ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਚਾਈਨਾ ਡੋਰ ਨਾ ਵੇਚਣ ਤਾਂ ਜੋਂ ਚਾਈਨਾ ਡੋਰ ਨਾਲ ਹੋ ਰਹੇ ਹਾਦਸਿਆਂ ਤੋਂ ਬਚਿਆ ਜਾ ਸਕੇ।

ਕਤਲ ਦੇ ਕੇਸ 'ਚ ਭਗੌੜੇ ਕਾਬੂ

ਕਰਤਾਰਪੁਰ (ਹਰਮੇਸ਼ ਦੱਤ) ਥਾਣਾ ਕਰਤਾਰਪੁਰ ਦੀ ਪੁਲਸ ਵੱਲੋਂ ਕਤਲ ਦੇ ਕੇਸ 'ਚ ਭਗੌੜੇ ਨੂੰ ਕਾਬੂ ਕਰਕੇ ਉਸ ਪਾਸੋਂ ਦੇਸੀ ਪਿਸਟਲ ਅਤੇ 7.65 ਸਮੇਤ ਮੈਗਜੀਨ ਇੱਕ ਜ਼ਿੰਦਾ ਰੌਂਦ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡੀ ਐਸ ਪੀ ਸੁਰਿੰਦਰਪਾਲ ਧੋਗੜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸਪੈਕਟ ਰਮਨਦੀਪ ਸਿੰਘ ਮੁੱਖ ਅਫਸਰ ਥਾਣਾ ਕਰਤਾਰਪੁਰ ਦੀ ਪੁਲਸ ਟੀਮ ਨੇ ਚੈਕਿੰਗ ਦੌਰਾਨ ਭੈੜੇ ਅਨਸਰਾਂ ਦੇ ਸੰਬੰਧ ਵਿੱਚ ਕਰਤਾਰਪੁਰ ਏਰੀਏ ਵਿੱਚ ਗਸ਼ਤ ਕਰ ਰਹੀ ਸੀ ਜਿੱਥੇ ਕਿ ਮੁਖਬਰ ਖਾਸ ਨੇ ਏ.ਐਸ. ਆਈ. ਇਕਬਾਲ ਸਿੰਘ ਨੂੰ ਇਤਲਾਹ ਦਿੱਤੀ ਕਿ ਸੁਖਵਿੰਦਰ ਸਿੰਘ ਉਰਫ ਰਾਣਾ ਪੁੱਤਰ ਰਾਜ ਜਰਨੈਲ ਸਿੰਘ ਵਾਸੀ ਮਨਸੂਰਪੁਰ ਥਾਣਾ ਮੁਕੇਰੀਆਂ ਜਿਲ੍ਹਾ ਹੁਸ਼ਿਆਰਪੁਰ ਪਾਸ ਇੱਕ ਨਾਜਾਇਜ ਪਿਸਟਰ ਹੈ ਜੋ ਇਸ ਵਕਤ ਰੇਲਵੇ ਸਟੇਸ਼ਨ ਕਰਤਾਰਪੁਰ ਵੱਲੋਂ ਪੈਦਲ ਆ ਰਿਹਾ ਹੈ ਅਤੇ ਉਸ ਨੂੰ ਮੌਕੇ 'ਤੇ ਕਾਬੂ ਕੀਤਾ ਜਾ ਸਕਦਾ ਹੈ ਜਿੱਥੇ ਪੁਲਸ ਟੀਮ ਵੱਲੋਂ ਨਾਕਾਬੰਦੀ ਕਰਕੇ ਕਪੂਰਥਲਾ ਰੋਡ ਕਰਤਾਰਪੁਰ ਨੇੜੇ ਰੇਲਵੇ ਸਟੇਸ਼ਨ ਤੋਂ ਆ ਰਹੇ ਵਿਅਕਤੀਆਂ ਨੂੰ ਕਾਬੂ ਕਰਕੇ ਉਸ ਤੋਂ ਇੱਕ ਨਜਾਇਜ ਦੇਸੀ ਪਿਸਟਲ7.65 ਸਮੇਤ ਇੱਕ ਮੈਗਜੀਨ ਤੇ ਇਕ ਜਿੰਦਾ ਰੌਂਦ ਬਰਾਮਦ ਕਰਕੇ ਗ੍ਰਿਫਤਾਰ ਕੀਤਾ ਗਿਆ ਅਤੇ ਦੋਸੀ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਲਤੀਫਪੁਰਾ ਮਾਮਲਾ : ਵਿਧਾਇਕਾਂ, ਜ਼ਿਲ੍ਹਾ ਪ੍ਰਸ਼ਾਸਨ ਤੇ ਮੁੜਵਸੇਬਾ ਸਾਂਝਾ ਮੋਰਚਾ ਦੇ ਮੈਂਬਰਾਂ ਦੀ ਮੀਟਿੰਗ

ਜਲੰਧਰ, (ਸ਼ੈਲੀ ਐਲਬਰਟ)

ਸਥਾਨਕ ਲਤੀਫਪੁਰਾ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕਾਂ, ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਅਤੇ ਲਤੀਫਪੁਰਾ ਮੁੜ ਵਸੇਬਾ ਸਾਂਝਾ ਮੋਰਚਾ ਦੇ ਨੁਮਾਇੰਦਿਆਂ ਵਿਚਕਾਰ ਇਥੇ ਸਰਕਟ ਹਾਊਸ ਵਿਖੇ ਮੀਟਿੰਗ ਹੋਈ ਜਿਸ ਵਿੱਚ ਇੰਪਰੂਵਮੈਂਟ ਟਰੱਸਟ ਵਲੋਂ ਪਰਵਾਰਾਂ ਦੇ ਮੁੜ ਵਸੇਬੇ ਦਾ ਭਰੋਸਾ ਦਿੱਤਾ ਗਿਆ। ਮੁੜ ਵਸੇਬਾ ਸਾਂਝਾ ਮੋਰਚਾ ਦੇ ਨੁਮਾਇੰਦਿਆਂ ਦੀ ਮੰਗ ਨੂੰ ਗਹੁ ਨਾਲ ਸੁਣਦਿਆਂ ਵਿਧਾਇਕਾਂ ਅਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਨੇ ਉਨ੍ਹਾਂ ਨੂੰ ਦੱਸਿਆ ਕਿ ਪੰਜਾਬ ਸਰਕਾਰ ਇਨ੍ਹਾਂ ਪਰਵਾਰਾਂ ਦੇ ਢੁਕਵੇਂ ਮੁੜ ਵਸੇਬੇ ਲਈ ਪੂਰੀ ਤਰ੍ਹਾਂ ਸੰਜੀਦਾ ਹੈ।

ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਨੇ ਪਰਵਾਰਾਂ ਨੂੰ ਅਪੀਲ ਕੀਤੀ ਕਿ ਉਹ ਮੁੜ ਵਸੇਬੇ ਲਈ ਅਪਲਾਈ ਕਰਨ ਤਾਂ ਜੋ ਫੌਰੀ ਤੌਰ 'ਤੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ। ਮੀਟਿੰਗ ਦੌਰਾਨ ਵਿਧਾਇਕਾਂ ਸ਼ੀਤਲ ਅੰਗੁਰਾਲ, ਰਮਨ ਅਰੋੜਾ ਅਤੇ ਬਲਕਾਰ ਸਿੰਘ ਨੇ ਨੁਮਾਇੰਦਿਆਂ ਨੂੰ ਜਾਣੂੰ ਕਰਵਾਇਆ ਕਿ ਇਨ੍ਹਾਂ ਪਰਵਾਰਾਂ ਦਾ ਯਕੀਨਨ ਮੁੜ ਵਸੇਬਾ ਕਰਵਾਇਆ ਜਾਵੇਗਾ। ਜਗਤਾਰ ਸਿੰਘ ਸੰਘੇੜਾ ਨੇ ਕਿਹਾ ਕਿ ਅਦਾਲਤੀ ਹੁਕਮਾਂ ਦੇ ਮੱਦੇਨਜ਼ਰ ਲਤੀਫਪੁਰਾ ਵਿੱਚ ਹੋਈ ਕਾਰਵਾਈ ਤੋਂ ਬਾਅਦ ਇਨ੍ਹਾਂ ਪਰਿਵਾਰਾਂ ਦੇ ਮੁੜ ਵਸੇਬੇ ਲਈ ਪੰਜਾਬ ਸਰਕਾਰ ਪੂਰੀ ਸੁਹਿਰਦ ਹੈ। ਉਨ੍ਹਾਂ ਭਰੋਸਾ ਦੁਆਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਰਿਵਾਰਾਂ ਦੇ ਮੁੜ ਵਸੇਬੇ ਲਈ ਹਰ ਸੰਭਵ ਸਹਿਯੋਗ ਅਮਲ ਵਿੱਚ ਲਿਆਂਦਾ ਜਾਵੇਗਾ। ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ, ਪੁਲਸ ਕਮਿਸ਼ਨਰ ਡਾ.ਐਸ.ਭੂਪਥੀ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਆਗੂ ਰਾਜਵਿੰਦਰ ਕੌਰ ਥਿਆੜਾ, ਦੀਪਕ ਬਾਲੀ ਆਦਿ ਵੀ ਮੌਜੂਦ ਸਨ। ਲਤੀਫਪੁਰਾ ਮੁੜ ਵਸੇਬਾ ਸਾਂਝਾ ਮੋਰਚਾ ਵਲੋਂ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸੰਤੋਖ਼ ਸਿੰਘ, ਗੁਰਦੀਪ ਸਿੰਘ ਭੰਡਾਲ, ਕਸ਼ਮੀਰ ਸਿੰਘ, ਪਰਮਿੰਦਰ ਸਿੰਘ, ਕਸ਼ਮੀਰ ਸਿੰਘ ਘੁੱਗਸ਼ੋਰ, ਸੁਖਜੀਤ ਸਿੰਘ ਡਰੋਲੀ, ਪਰਮਜੀਤ ਸਿੰਘ ਜੱਬੋਵਾਲ, ਹੰਸ ਰਾਜ ਪੱਬਵਾਂ, ਰਾਜਵਿੰਦਰ ਕੌਰ, ਮਹਿੰਦਰ ਸਿੰਘ ਬਾਜਵਾ, ਸਰਬਜੀਤ ਸਿੰਘ, ਹਰਜਿੰਦਰ ਸਿੰਘ ਆਦਿ ਨੇ ਮੀਟਿੰਗ ਵਿੱਚ ਹਿੱਸਾ ਲਿਆ।

ਝੱਲ ਲੇਈ ਵਾਲਾ 220 ਕੇ ਵੀ ਸਬ ਸਟੇਸ਼ਨ ਗਰਿੱਡ 'ਚ ਲੁਟੇਰਿਆਂ ਨੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)

ਬੀਤੀ ਰਾਤ ਸੁਲਤਾਨਪੁਰ ਲੋਧੀ ਦੇ ਨੇੜਲੇ ਪਿੰਡ ਝੱਲ ਲੇਈ ਵਾਲਾ ਵਿਖੇ ਸਥਿਤ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੇ 220 ਕੇਵੀ ਸਬ ਸਟੇਸ਼ਨ ਗਰਿੱਡ ਵਿੱਚ ਲੁਟੇਰਿਆਂ ਨੇ ਮੁਲਾਜ਼ਮਾਂ ਨੂੰ ਬੰਧਕ ਬਣਾ ਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਇਹ ਵਾਰਦਾਤ ਬੀਤੀ ਰਾਤ 12 ਤੋਂ 3 ਵਜੇ ਦੇ ਦਰਮਿਆਨ ਦੀ ਦੱਸੀ ਜਾ ਰਹੀ ਹੈ। ਜਿਸ ਵਿੱਚ ਕਰੀਬ 8-10 ਅਣਪਛਾਤੇ ਲੁਟੇਰਿਆਂ ਵੱਲੋਂ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਸੁਲਤਾਨਪੁਰ ਲੋਧੀ ਨੇੜਲੇ ਪਿੰਡ ਝੱਲ ਲੇਈ ਵਾਲਾ ਦੇ 220 ਕੇਵੀ ਸਬ ਸਟੇਸਨ ਵਿੱਚ ਤਾਇਨਾਤ ਦੋ ਮੁਲਾਜਮਾਂ ਨੂੰ ਬੰਧਕ ਬਣਾ ਕੇ ਦਿੱਤਾ ਲੁੱਟ ਨੂੰ ਅੰਜਾਮ ਇਸ ਮੌਕੇ ਤੇ ਪੁਲਸ ਨੂੰ ਸੂਚਨਾ ਮਿਲਣ 'ਤੇ ਮੌਕੇ ਤੇ ਪੁਹੰਚੀ ਪੁਲਸ ਨੇ ਬੰਦਕ ਬਣਾਏ ਬਿਜਲੀ ਕਰਮਚਾਰੀਆਂ ਨੂੰ ਮੌਕੇ ਤੇ ਸਿਵਲ ਹਸਪਤਾਲ ਭਰਤੀ ਕਾਰਵਾਈਆ ਗਿਆ ਬਿਜਲੀ ਕਰਮਚਾਰੀਆਂ ਦੇ ਦੱਸਣ ਦੇ ਮੁਤਾਬਕ ਚੋਰ ਰਾਤ ਨੂੰ ਇਕ ਵਜੇ ਆਏ ਅਤੇ ਚੋਰਾਂ

ਨੇ ਸਾਨੂੰ ਰੱਸੀ ਨਾਲ ਬਣ ਦਿੱਤਾ ਅਤੇ ਗਰਿੱਡ ਦਾ ਸਮਾਨ ਚੋਰੀ ਕਰ ਕੇ ਲੇ ਗਏ ਵਿਭਾਗ ਦੇ ਮੁਲਾਜ਼ਮਾਂ ਅਨੁਸਾਰ ਲੁਟੇਰਿਆਂ ਨੇ ਉਹੀ ਸ਼ਰਾਬ ਪੀਤੀ ਅਤੇ ਉਨ੍ਹਾਂ ਨੂੰ ਬੰਨ੍ਹ ਦਿੱਤਾ। ਇਸ ਮੌਕੇ ਥਾਣਾ ਸੁਲਤਾਨਪੁਰ ਲੋਧੀ ਦੇ ਡੀ ਐਸ ਪੀ ਸੁਖਵਿੰਦਰ ਸਿੰਘ ਨੇ ਦੱਸਿਆ ਕੀ ਜਿਨ੍ਹਾਂ ਲੋਕਾਂ ਨੇ ਇਹ ਵਾਰਦਾਤ ਕੀਤੀ ਹੈ ਓਹਨਾ ਨੂੰ ਜਲਦ ਹੀ ਗ੍ਰਿਫਤਾਰ ਕੀਤਾ ਜਾਵੇਗਾ।

ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਬੀ ਪੀ ਈ ਓ ਨਾਲ ਮਸਲਿਆਂ ਦੇ ਹੱਲ ਲਈ ਮੀਟਿੰਗ

ਨੂਰਮਹਿਲ (ਬਾਲ ਕ੍ਰਿਸਨ ਬਾਲੀ)

ਗੌਰਮਿੰਟ ਟੀਚਰਜ ਯੂਨੀਅਨ ਵੱਲੋਂ ਬਲਾਕ ਪ੍ਰਧਾਨ ਸੰਦੀਪ ਰਾਜੋਵਾਲ ਦੀ ਅਗਵਾਈ 'ਚ ਅਧਿਆਪਕਾਂ ਦੇ ਮਸਲਿਆਂ ਨੂੰ ਲੈ ਕੇ ਬੀ ਪੀ ਈ ਓ ਨੂਰਮਹਿਲ ਨਾਲ ਮੀਟਿੰਗ ਕੀਤੀ ਗਈ। ਬੀ. ਪੀ. ਈ. ਓ ਨੂਰਮਹਿਲ ਚਮਨ ਲਾਲ ਦੇ ਛੁੱਟੀ 'ਤੇ ਹੋਣ ਕਾਰਨ ਕਲਰਕ ਨਰੇਸ਼ ਕੁਮਾਰ ਨਾਲ ਮਸਲੇ ਸਾਂਝੇ ਕੀਤੇ ਗਏ। ਇਸ ਮੌਕੇ ਅਧਿਆਪਕਾਂ ਦੇ ਮੈਡੀਕਲ ਰਿਵਰਸਮੈਂਟ ਦੇ ਕੇਸਾਂ ਦੇ ਨਿਪਟਾਰੇ, ਸਰਵਿਸ ਬੁੱਕ ਪੂਰੀਆਂ ਕਰਨ ਸੰਬੰਧੀ, ਬੇਲੋੜੇ ਵਟਸ ਅਪ ਗਰੁਪਾਂ ਨੂੰ ਖਤਮ ਕਰਨ ਅਤੇ ਅਧਿਆਪਕ ਦੀਆਂ ਡੈਪੂਟੇਸਨ ਲਗਾਉਣ ਸਮੇਂ ਕੀਤੇ ਜਾਂਦੇ ਪੱਖਪਾਤ ਤੇ ਬੇਨਿਯਮੀਆਂ, ਅਧਿਆਪਕਾਂ ਉੱਤੇ ਬੈਂਕ ਖਾਤੇ ਆਨ ਲਾਇਨ ਫਾਰਮ ਭਰਕੇ ਖੁਲਵਾਉਣ ਦਾ ਬੋਝ ਪਾਉਣਾਂ ਆਦਿ ਮਸਲਿਆਂ 'ਤੇ ਚਰਚਾ ਹੋਈ। ਬੀ ਪੀ ਈ ਓ ਦਫਤਰ ਵੱਲੋਂ ਇਹ ਸਹਿਮਤੀ ਦਿੱਤੀ ਗਈ ਕਿ ਵਟਸਅਪ ਗਰੁੱਪ ਘੱਟ ਕੀਤੇ ਜਾਣਗੇ। ਬੀ. ਪੀ. ਈ ਓ ਦਫਤਰ ਦੇ ਪੱਧਰ 'ਤੇ ਇੱਕ ਬੀ ਪੀ ਈ ਓ ਦਫਤਰ ਦੇ ਅਮਲੇ 'ਤੇ ਸਾਰੇ ਸੀ ਐਚ ਟੀ ਦਾ ਗਰੁੱਪ ਹੋਵੇਗਾ। ਇਸ 'ਚੋਂ ਸੀ. ਐਚ .ਟੀ ਆਪਣੇ ਸੈਂਟਰ 'ਚ ਡਾਕ ਦੇ ਮੈਸਜ ਭੇਜਣਗੇ। ਦਫਤਰੀ ਅਮਲਾ ਸੈਂਟਰ ਦੇ ਗਰੁੱਪਾਂ 'ਚ ਪਹਿਲਾਂ ਵਾਂਗ ਰਹੇਗਾ ਜੋ ਅਧਿਆਪਕ ਬਲਾਕ 'ਚੋਂ ਬਦਲੀ ਕਰਵਾ ਗਏ, ਰਿਟਾਇਰ ਹੋ ਗਏ ਜਾਂ ਨੌਕਰੀ ਛੱਡ ਗਏ ਹਨ ਵਟਸਅੱਪ ਗਰੁੱਪਸ 'ਚੋਂ ਬਾਹਰ ਕਰ ਦਿੱਤੇ ਜਾਣਗੇ। ਡੈਪੂਟੇਸ਼ਨ ਲਗਾਉਣ ਸਮੇਂ ਪੱਖਪਾਤ ਨਹੀਂ ਹੋਵੇਗਾ। ਅਧਿਆਪਕਾਂ ਤੇ ਬੱਚਿਆਂ ਦੀ ਗਿਣਤੀ ਤੇ ਹੋਰ ਨਿਯਮਾਂ ਨੂੰ ਧਿਆਨ 'ਚ ਰੱਖਿਆ ਜਾਵੇਗਾ। ਅਧਿਆਪਕਾਂ ਦੇ

ਬਾਕੀ ਮਸਲੇ ਵੀ ਸਮੇਂ ਸਿਰ ਹੱਲ ਕੀਤੇ ਜਾਣਗੇ। ਇਸ ਸਮੇਂ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦਾ ਨਵੇਂ ਸਾਲ ਦਾ ਕਲੰਡਰ ਵੀ ਜਾਰੀ ਕੀਤਾ ਗਿਆ। ਅੰਤ 'ਚ ਜੀ ਟੀ ਯੂ ਦੇ ਜਿਲ੍ਹਾ ਆਗੂ ਕੁਲਦੀਪ ਵਾਲੀਆ ਨੇ ਬੀ ਪੀ ਈ ਓ ਤੇ ਦਫਤਰੀ ਅਮਲੇ ਨੂੰ ਅਗਾਹ ਕਰਦਿਆਂ ਕਿਹਾ ਕੇ ਜੇਕਰ ਦਫਤਰ ਵੱਲੋਂ ਉਪਰੋਕਤ ਮਸਲਿਆਂ ਦਾ ਹੱਲ ਨਾ ਕੀਤਾ ਜਾਂ ਫਿਰ ਕੁਝ ਚਹੇਤਿਆਂ ਦੇ ਇਸ਼ਾਰੇ 'ਤੇ ਪੱਖਪਾਤੀ ਰਵੱਈਆ ਅਪਣਾਇਆ ਗਿਆ ਤਾਂ ਇਸ 'ਤੇ ਜੀ ਟੀ ਯੂ ਵੱਲੋਂ ਸਖਤ ਐਕਸ਼ਨ ਕੀਤਾ ਜਾਵੇਗਾ।

ਇਸ ਮੌਕੇ ਜੀ ਟੀ ਯੂ ਬਲਾਕ ਨੂਰਮਹਿਲ ਦੇ ਮੈਂਬਰ ਰਾਜ ਕੁਮਾਰ ਤਲਵਣ, ਦਲ ਵੀਰ ਰਾਮ, ਸੁਖਵਿੰਦਰ, ਸੰਦੀਪ ਉੱਪਲ, ਮਨਜਿੰਦਰ ਸਿੰਘ, ਸੁਮਨ ਸ਼ਾਮਪੁਰੀ, ਗਗਨਦੀਪ ਮੱਕੜ, ਵਿਵੇਕ ਵਧਵਾ ਆਦਿ ਹਾਜ਼ਰ ਸਨ।

ਖਾਲਸਾ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਅਧਿਆਪਕਾਂ ਦੀ ਮਾਤਾ-ਪਿਤਾ ਨਾਲ ਮਿਲਣੀ

ਮੋਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਬੱਡੋਂ ਵਿਖੇ ਖਾਲਸਾ ਕੋ ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬੱਡੋਂ ਵਿਖੇ ਅਧਿਆਪਕਾ ਨਾਲ ਵਿਦਿਆਰਥੀਆਂ ਦੇ ਮਾਪਿਆਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ ਰਿੰਕੀ ਨੇ ਦੱਸਿਆ ਕਿ ਮਹੀਨਾਵਾਰੀ ਮੀਟਿੰਗ ਦੌਰਾਨ ਅਧਿਆਪਕਾਂ ਨੇ ਬੱਚਿਆਂ ਦੇ ਮਾਪਿਆਂ ਨਾਲ ਬੱਚਿਆਂ ਦੀ ਪੜ੍ਹਾਈ ਸੰਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ ਰਿੰਕੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਸਕੂਲ ਪਿਛਲੇ ਲੰਮੇ ਸਮੇਂ ਵਧੀਆ ਪੜ੍ਹਾਈ ਅਤੇ ਸੌ ਫੀਸਦੀ ਨੰਬਰ ਲੈ ਕੇ ਵਿਦਿਆਰਥੀਆਂ ਪਾਸ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਸਕੂਲ ਦਾ ਮਿਹਨਤੀ ਸਟਾਫ ਅਤੇ ਹੋਣਹਾਰ ਵਿਦਿਆਰਥੀਆਂ ਨੇ ਸੌ ਫੀਸਦੀ ਨੰਬਰ ਲੈ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਮੌਕੇ ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ ਰਿੰਕੀ ਨੇ ਬੱਚਿਆਂ ਦੇ ਮਾਪਿਆਂ ਨੂੰ ਸਕੂਲ ਸਰਗਰਮੀਆਂ ਪ੍ਰਤੀ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਿੰਸੀਪਲ ਸੁਖਇੰਦਰ ਸਿੰਘ, ਮਿਨਹਾਸ ਰਿੰਕੀ, ਗੁਰਦੀਪ ਸਿੰਘ, ਬਾਪਾ ਕੋਚ ਭਾਮ, ਮਨਿੰਦਰ ਕੌਰ, ਲਵਪ੍ਰੀਤ ਕੌਰ ਮਿਨਹਾਸ, ਸੁਨੀਤਾ ਕੁਮਾਰੀ, ਸਿਮਰਨਜੀਤ ਕੌਰ, ਮਨਪ੍ਰੀਤ ਕੌਰ, ਪੂਜਾ ਸ਼ਰਮਾ, ਕਿਰਨ ਕੁਮਾਰੀ, ਤਮੰਨਾ, ਸੁਨੀਤਾ ਰਾਣੀ ਆਦਿ ਹਾਜ਼ਰ ਸਨ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ 'ਤੇ ਹਮਲਾ ਨਿੰਦਣਯੋਗ : ਛੀਨਾ

ਕਰਤਾਰਪੁਰ (ਹਰਮੇਸ਼ ਦੱਤ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਉਪਰ ਹਮਲਾ

ਨਿੰਦਣਯੋਗ ਹੈ ਅਤੇ ਬੰਦੀ ਸਿੰਘਾ ਦੀ ਰਿਹਾਈ ਲਈ ਹੋ ਰਹੇ ਯਤਨਾਂ ਨੂੰ ਕਮਜ਼ੋਰ ਕਰਨ ਲਈ ਕੁਝ ਸ਼ਰਾਰਤੀ ਲੋ

20-Jan-PAGE-9.qxd 1/19/2023 10:33 PM Page 1

20 ਗ੍ਰਾਮ ਨਸ਼ੀਲੇ ਪਾਊਡਰ ਸਮੇਤ ਨੌਜਵਾਨ ਕਾਬੂ

ਮੋਰਿੰਡਾ (ਜੈਜੀ ਸਰਦਾਰ)- ਸਿਟੀ ਥਾਣਾ ਪੁਲਸ ਵਲੋਂ ਇੱਕ ਵਿਅਕਤੀ ਨੂੰ 20 ਗ੍ਰਾਮ ਨਸ਼ੀਲੇ ਪਾਊਡਰ ਸਮੇਤ ਕਾਬੂ ਕੀਤਾ ਗਿਆ ਹੈ। ਜਿਸਦੀ ਜਾਣਕਾਰੀ ਸਾਂਝੀ ਕਰਦਿਆਂ ਥਾਣਾ ਸਿਟੀ ਐੱਸ ਐੱਚ ਓ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਵਲੋਂ ਮਨਜੀਤ ਸਿੰਘ ਦੀ ਅਗਵਾਈ ਹੇਠ ਕਾਈਨੌਰ ਚੌਕ ਮੋਰਿੰਡਾ ਵਿੱਚ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਜਦੋਂ ਇੱਕ ਸਵਿਫਟ ਕਾਰ ਨੰਬਰ ਡੀ ਐਲ 2 ਸੀ ਏ ਜੀ 5995 ਦੀ ਚੈਕਿੰਗ ਕੀਤੀ ਗਈ ਤਾਂ ਕਾਰ ਵਿੱਚੋਂ 20 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕੀਤਾ ਗਿਆ। ਸਿਟੀ ਪੁਲਸ ਨੇ ਲਲਿਤ ਸੂਦ ਪੁੱਤਰ ਕਮਲ ਸੂਦ ਵਾਸੀ ਵਾਰਡ ਨੰਬਰ 9, ਸੰਤ ਨਗਰ ਮੋਰਿੰਡਾ ਖਿਲਾਫ ਮੁਕੱਦਮਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਰਾਏਪੁਰ ਅਰਾਈਆਂ ਵਿਖੇ ਕੁੜੀਆਂ ਦੀ ਲੋਹੜੀ ਪਾਈ

ਫਿਲੌਰ, (ਨਿਰਮਲ)- ਨਜ਼ਦੀਕੀ ਪਿੰਡ ਰਾਏਪੁਰ ਅਰਾਈਆਂ ਵਿਖੇ ਕੁੜੀਆਂ ਦੀ ਲੋਹੜੀ ਪਾਈ ਗਈ । ਇਸ ਮੌਕੇ ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ ਅਨੁਸਾਰ ਰੰਜਨਾ ਦੇਵੀ ਬਾਲ ਵਿਕਾਸ ਪ੍ਰੋਜੈਕਟ ਅਫਸਰ ਸਰਕਲ ਪੱਧਰੀ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਸਾਨੂੰ ਲੜਕੀਆਂ ਅਤੇ ਲੜਕਿਆਂ ਵਿੱਚ ਫਰਕ ਨਹੀਂ ਕਰਨਾ ਚਾਹੀਦਾ। ਕਿਉਂਕਿ ਲੜਕੀਆਂ ਹੀ ਹਨ ਜੋਂ ਅੱਜ ਮਿਹਨਤ ਕਰਕੇ ਉਸ ਮੁਕਾਮ ਤੱਕ ਪਹੁੰਚ ਜਾਂਦੀਆਂ ਹਨ, ਜਿੱਥੇ ਮਾਤਾ-ਪਿਤਾ ਨੂੰ ਉਨ੍ਹਾਂ 'ਤੇ ਮਾਣ ਹੁੰਦਾ ਹੈ। ਇਸ ਮੌਕੇ ਉਨ੍ਹਾਂ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਦੀਆਂ ਵੱਖ ਵੱਖ ਸਕੀਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਰੰਜਨਾ ਦੇਵੀ ਸਰਕਲ ਸੁਪਰਵਾਈਜਰ ਰਜਨੀ ਸ਼ਰਮਾ ਆਂਗਨਵਾੜੀ ਵਰਕਰ, ਸੰਤੋਖ ਕੁਮਾਰੀ, ਸਵਿੱਤਰੀ ਦੇਵੀ, ਸਰਪੰਚ ਸੁਰਿੰਦਰ ਸ਼ਿੰਦਾ, ਗੁਰਪ੍ਰੀਤ ਕੁਮਾਰ, ਹਰਦੀਪ, ਬਿੱਕਰ ਦਾਸ ਪੰਚ, ਵਿਕਾਸ, ਨਰਿੰਦਰ ਪਾਲ ਅਤੇ ਹੋਰ ਹਾਜਰ ਸਨ।

ਵਿਧਾਇਕ ਵੱਲੋਂ ਸਰਕਾਰੀ ਹਸਪਤਾਲ ਦਾ ਅਚਨਚੇਤ ਦੌਰਾ

ਮੋਰਿੰਡਾ (ਜੈਜੀ ਸਰਦਾਰ)- ਇੱਥੋਂ ਦੇ ਸਰਕਾਰੀ ਹਸਪਤਾਲ ਦਾ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋਂ ਅਚਨਚੇਤ ਦੌਰਾ ਕੀਤਾ ਗਿਆ। ਉਨ੍ਹਾਂ ਵੱਲੋਂ ਸਫਾਈ ਪ੍ਰਬੰਧਾਂ, ਮਰੀਜਾਂ ਦੇ ਵਾਰਡਾਂ ਅਤੇ ਦਵਾਈਆਂ ਉਪਲਬਧ ਹਨ ਜਾਂ ਨਹੀਂ ਦਾ ਜਾਇਜਾ ਲਿਆ ਗਿਆ। ਹਸਪਤਾਲ ਵਿੱਚ ਸਫਾਈ ਦੇ ਨਾਮਾਤਰ ਪ੍ਰਬੰਧਾਂ ਨੂੰ ਦੇਖਦੇ ਹੋਏ ਸਫਾਈ ਕਰਮਚਾਰੀਆਂ ਨੂੰ ਤਾੜਨਾ ਕੀਤੀ ਕਿ ਸਫਾਈ ਦੇ ਪੁਖਤਾ ਹੋਣੇ ਚਾਹੀਦੇ ਹਨ। ਅਗਰ ਲਾਪਰਵਾਹੀ ਵਰਤੀ ਗਈ ਤਾਂ ਨੌਕਰੀ ਤੋਂ ਹੱਥ ਧੋਣੇ ਪੈ ਸਕਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ ਐਮ ਓ, ਬਲਾਕ ਪ੍ਰਧਾਨ ਸਿਕੰਦਰ ਸਿੰਘ ਸਹੇੜੀ, ਮੀਡੀਆ ਕੰਪਲੇਟ ਇੰਚਾਰਜ ਨਿਰਮਲ ਸਿੰਘ ਮੇਹਰਬਾਨ, ਨਵਦੀਪ ਸਿੰਘ ਟੋਨੀ,ਐਨ ਪੀ ਰਾਣਾ ਆਦਿ ਹਾਜਰ ਸਨ।

ਡੀ ਸੀ ਨੇ ਰੈਵਿਨਿਊ ਕਾਨੂੰਗੋ ਐਸੋਸੀਏਸ਼ਨ ਦਾ ਸਾਲਾਨਾ ਕੈਲੰਡਰ ਕੀਤਾ ਰਿਲੀਜ਼

ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸੈਣੀ)-ਦੀ ਰੈਵੀਨਿਊ ਕਾਨੂੰਗੋ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਮੋਹਨ ਸਿੰਘ ਭੇਡਪੁਰਾ ਵਲੋਂ ਜ਼ਿਲ੍ਹਾ ਪੱਧਰ 'ਤੇ ਕੈਲੰਡਰ ਰਿਲੀਜ਼ ਕਰਵਾਉਣ ਦੇ ਉਲੀਕੇ ਗਏ ਪ੍ਰੋਗਰਾਮ ਤਹਿਤ ਰੈਵੀਨਿਊ ਕਾਨੂੰਗੋ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਪ੍ਰਧਾਨ ਜਗਦੀਪ ਸਿੰਘ ਸੋਖੋ ਵਲੋਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਹੱਥੋਂ ਨਵੇਂ ਸਾਲ ਦਾ ਕੈਲੰਡਰ ਰਿਲੀਜ਼ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਨਾਲ ਜਨਰਲ ਸਕੱਤਰ ਅਸ਼ੋਕ ਚੰਦਰ, ਮੀਤ ਪ੍ਰਧਾਨ ਵਰਿੰਦਰ ਕੁਮਾਰ, ਸਦਰ ਕਾਨੂੰਗੋ ਜੀਵਨ ਲਾਲ, ਕੈਸ਼ੀਅਰ ਮਨਜੀਤ ਸਿੰਘ, ਮਨਜਿੰਦਰ ਕੌਰ, ਮਨਜੀਤ ਪਾਲ ਤੇ ਜਸਵਿੰਦਰ ਸਿੰਘ (ਸਾਰੇ ਕਾਨੂੰਗੋ) ਹਾਜ਼ਰ ਸਨ।

ਗੁ. ਸਿੰਘ ਸ਼ਹੀਦਾਂ ਸੋਹਾਣਾ ਵਿਖੇ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ 27 ਨੂੰ

ਮੁਹਾਲੀ (ਗੁਰਜੀਤ ਬਿੱਲਾ)— ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਿਤੀ 27 ਜਨਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਜਾਵੇਗਾ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੇ ਬੁਲਾਰੇ ਨੇ ਦੱਸਿਆ ਕਿ ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਸੇਵਕ ਸਿੰਘ ਚਮਕਾਰਾ ਦਾ ਇੰਨਰਨੈਸ਼ਨਲ ਢਾਡੀ ਜੱਥਾ ਭਾਈ ਓਕਾਰ ਸਿੰਘ, ਸ਼੍ਰੋਮਣੀ ਪ੍ਰਚਾਰਕ ਭਾਈ ਸੁਰਜੀਤ ਸਿੰਘ ਦਮਦਮੀ ਟਕਸਾਲ ਵਾਲੇ, ਬੀਬੀ ਉੱਤਮਜੀਤ ਕੌਰ, ਭਾਈ ਅਮਰਜੀਤ ਸਿੰਘ ਖਾਲਸਾ, ਭਾਈ ਗੁਰਵਿੰਦਰ ਸਿੰਘ, ਭਾਈ ਅਵਤਾਰ ਸਿੰਘ ਜੀ ਆਲਮ, ਮੀਰੀ ਪੀਰੀ ਪੰਥਕ ਢਾਡੀ ਜੱਥਾ, ਮਿੱਤਰ ਪਿਆਰੇ ਨੂੰ ਕਵੀਸ਼ਰੀ ਜੱਥਾ, ਭਾਈ ਜਤਿੰਦਰ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ ਜੀ ਅਤੇ ਭਾਈ ਸੰਦੀਪ ਸਿੰਘ ਜੀ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤੇਗਾ।

ਮੁਹੱਲਾ ਕਲੀਨਿਕ ਖੋਲ੍ਹਣ ਵਿਰੁੱਧ 23 ਨੂੰ ਹੋਵੇਗਾ ਰੋਡ ਜਾਮ

ਮਹਿਤਪੁਰ (ਰਾਜਾ)

ਇੱਥੇ ਸਰਕਾਰੀ ਹਸਪਤਾਲ ਬਚਾਓ ਸੰਘਰਸ਼ ਕਮੇਟੀ ਦੀ ਹੋਈ ਤੀਜੇ ਦੌਰ ਦੀ ਮੀਟਿੰਗ ਵਿੱਚ ਵੱਖ ਵੱਖ ਰਾਜਨੀਤਿਕ ਪਾਰਟੀਆਂ ਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਮਹਿਤਪੁਰ ਸਰਕਾਰੀ ਹਸਪਤਾਲ ਵਿੱਚ ਮੁਹੱਲਾ ਕਲੀਨਿਕ ਖੋਲਣ ਦੇ ਵਿਵਾਦ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਵੱਲੋਂ ਧਰਨੇ ਸੰਬੰਧੀ ਗਲਤ ਟਿੱਪਣੀ ਕਰਨ, ਧਰਨੇ ਨੂੰ ਲੋਕ ਵਿਰੋਧੀ ਤੇ ਸਿਆਸੀ ਦੱਸਣ ਵਿਰੁੱਧ 23 ਜਨਵਰੀ ਨੂੰ ਕੀਤਾ ਜਾਵੇਗਾ ਰੋਡ ਜਾਮ । ਇਸ ਮੌਕੇ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕਰਦਿਆਂ ਆਗੂਆਂ ਨੇ ਇੱਕ ਸੁਰ 'ਚ ਬੋਲਦਿਆਂ ਕਿਹਾ ਕਿ ਅਸੀਂ ਲੋਕਾਂ ਦੀ ਮੰਗ ਨੂੰ ਹੀ ਲੈ ਕੇ ਇਸ ਹਸਪਤਾਲ ਵਿੱਚ ਬਣ ਰਹੇ ਮੁਹੱਲਾ ਕਲੀਨਿਕ ਦਾ ਵਿਰੋਧ ਕਰ ਰਹੇ ਹਾਂ ਜੇਕਰ ਸਰਕਾਰ ਦੀ ਕੋਈ ਮਨਸ਼ਾ ਹੈ ਕਿ ਲੋਕਾਂ ਨੂੰ ਵਧੀਆ ਤੇ ਸਸਤੀਆ ਸਿਹਤ ਸਹੂਲਤਾਂ ਦੇਣੀਆ ਹਨ ਤਾਂ ਉਸ ਜਗ੍ਹਾ ਮੁਹੱਲਾ ਕਲੀਨਿਕ ਖੋਲਣ ਜਿੱਥੇ ਲੋੜ ਹੈ ਨਾ ਕਿ ਡਿਊਟੀ ਕਰ ਰਹੇ ਡਾਕਟਰਾਂ ਨੂੰ ਬਾਹਰ ਕੱਢ ਕੇ ਉਹਨਾਂ ਦੀ ਬਿਲਡਿੰਗ ਵਿੱਚ ਮੁਹੱਲਾ ਕਲੀਨਿਕ ਖੋਲਣ। ਉਹਨਾਂ ਕਿਹਾ ਕਿ ਅਸੀਂ ਧਰਨਾ ਦੇਣ ਤਾਂ ਪਹਿਲਾਂ ਐਸ ਐਮ ਓ, ਮਹਿਤਪੁਰ ਤਹਿਸੀਲਦਾਰ ਮਹਿਤਪੁਰ ਅਤੇ ਐਸ ਡੀ ਐਮ ਨੂੰ ਮੰਗ ਪੱਤਰ ਦੇ ਚੁੱਕੇ ਹਾਂ ਪਰ ਸਾਡੀ ਮੰਗ 'ਤੇ ਕੋਈ ਕਾਰਵਾਈ ਅਮਲ ਵਿੱਚ ਨਾ ਲਿਆਉਣ 'ਤੇ ਹੀ ਧਰਨਾ ਲਾਉਣ ਲਈ ਮਜ਼ਬੂਰ ਹੋਣਾ ਪਿਆ ਸੀ। ਪਰ ਜੇਕਰ ਆਪ ਦੇ ਹਲਕਾ ਇੰਚਾਰਜ ਨੂੰ ਕੋਈ ਵਹਿਮ ਹੈ।ਤਾਂ ਉਹ ਖੁਦ 23 ਜਨਵਰੀ ਦੇ ਰੋਡ ਜਾਮ ਦੇ ਪ੍ਰੋਗਰਾਮ ਵਿੱਚ ਆ ਕੇ ਦੇਖ ਲੈਣ ਕਿ ਉਹ ਕਿਹੜੇ ਲੋਕ ਹਨ ਜੋ ਵਿਰੋਧ ਕਰ ਰਹੇ ਹਨ । ਇਸ ਮੌਕੇ ਆਲ ਇੰਡੀਆ ਕਿਸਾਨ ਸਭਾ ਦੇ ਸੂਬਾ ਆਗੂ ਸੰਦੀਪ ਅਰੋੜਾ ਜ਼ਿਲ੍ਹਾ ਸਕੱਤਰ ਦਿਲਬਾਗ ਸਿੰਘ ਚੰਦੀ ਮਨਦੀਪ ਸਿੱਧੂ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਖਹਿਰਾ, ਬਲਾਕ ਪ੍ਰਧਾਨ ਨਰਿੰਦਰ ਸਿੰਘ ਬਾਜਵਾ ਯੂਥ ਪ੍ਰਧਾਨ ਰਮਨਜੀਤ ਸਿੰਘ, ਸਿਮਰਨ ਸਿੰਘ, ਦੋਆਬਾ ਕਿਸਾਨ ਯੂਨੀਅਨ ਦੇ ਆਗੂ ਕਸ਼ਮੀਰ ਸਿੰਘ ਪੰਨੂੰ, ਨਰਿੰਦਰ ਸਿੰਘ ਉਧੋਵਾਲ, ਨਗਰ ਪੰਚਾਇਤ ਦੇ ਵਾਇਸ ਪ੍ਰਧਾਨ ਮਹਿੰਦਰਪਾਲ ਸਿੰਘ ਟੁਰਨਾ, ਸ਼੍ਰੋਮਣੀ ਅਕਾਲੀ ਦਲ ਦੇ ਬਲਜਿੰਦਰ ਸਿੰਘ ਕੰਗ ਆਦਿ ਹਾਜ਼ਰ ਸਨ।

ਸ਼ਹਿਰ ਦੀਆਂ ਸਮੱਸਿਆਵਾਂ ਨੂੰ ਲੈ ਕੇ ਸਿੱਖਿਆਰਥੀਆਂ ਨੇ ਦਿੱਤਾ ਡੀ ਸੀ ਨੂੰ ਮੰਗ ਪੱਤਰ

ਬਹਿਰਾਮ (ਅਵਤਾਰ ਕਲੇਰ)

ਸਥਾਨਕ ਸ਼ਹੀਦ ਏ ਆਜਮ ਭਗਤ ਸਿੰਘ ਆਈ ਟੀ ਆਈ ਦੇ ਸਿੱਖਿਆਰਥੀਆਂ ਨੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਜਿਸ ਵਿਚ ਸ਼ੂਗਰ ਮਿੱਲ ਦੇ ਪਾਵਰ ਪਲਾਂਟ ਦੀ ਕਾਲਖ ਅਤੇ ਚੰਡੀਗੜ੍ਹ ਚੌਕ ਵਿੱਚ ਆਮ ਲੋਕਾਂ ਨੂੰ ਆ ਰਹੀ ਟ੍ਰੈਫਿਕ ਸਮੱਸਿਆਵਾਂ ਸ਼ਾਮਿਲ ਹਨ। ਆਈ ਟੀ ਆਈ ਕਮੇਟੀ ਦੇ ਪ੍ਰਧਾਨ ਜਸ਼ਨ ਕੁਮਾਰ ਅਤੇ ਪ੍ਰੈਸ ਸਕੱਤਰ ਗੁਰਦਿਆਲ ਸਿੰਘ ਨੇ ਕਿਹਾ ਕਿ ਪਾਵਰ ਪਲਾਂਟ ਦੀ ਕਾਲਖ ਸ਼ਹਿਰ ਵਾਸੀਆਂ ਅਤੇ ਰਾਹੀਆਂ ਦੀਆਂ ਅੱਖਾਂ ਵਿੱਚ ਅਤੇ ਸਾਹ ਰਾਹੀਂ ਸਰੀਰ ਅੰਦਰ ਜਾ ਰਹੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਕਾਲਖ ਦੇ ਨਾਲ ਕੈਂਸਰ, ਦਮੇ ਦੀ ਬਿਮਾਰੀ ਅਤੇ ਅੱਖਾਂ ਦੀ ਰੌਸ਼ਨੀ ਦਾ ਵੀ ਖਤਰਾ ਹੈ ਕਿਉਂਕਿ ਝੋਨੇ ਨੂੰ ਸ਼ੁਰੂ ਤੋਂ ਲੈ ਕੇ ਪੱਕਣ ਤੱਕ ਕਈ ਕੀਟਨਾਸ਼ਕ ਅਤੇ ਨਦੀਨਨਾਸ਼ਕ ਦਵਾਈਆਂ ਪਾਈਆਂ ਜਾਂਦੀਆਂ ਹਨ। ਜਿਹੜੀਆਂ ਕਿ ਪਰਾਲੀ ਜਲਣ ਤੋਂ ਬਾਅਦ ਵੀ ਕਾਲਖ ਵਿੱਚ ਸ਼ਾਮਿਲ ਹੁੰਦੀਆਂ ਹਨ ਇਸ ਦੇ ਲਈ ਇਸ ਸਮੱਸਿਆ ਦੇ ਹੱਲ ਦੇ ਲਈ ਲੋਕ ਸੰਘਰਸ਼ ਮੰਚ ਦੀ ਅਗਵਾਈ ਹੇਠ ਮੁਜਾਰਾ ਕਰਕੇ ਡੀ ਸੀ ਸਾਹਿਬ ਨੂੰ ਮੰਗ ਪੱਤਰ ਦਿੱਤਾ ਗਿਆ ਸੀ, ਪਰ ਇਸ ਸਮੱਸਿਆ ਸਬੰਧੀ ਪ੍ਰਸ਼ਾਸਨ ਨੇ ਕੋਈ ਗੰਭੀਰਤਾ ਨਹੀਂ ਦਿਖਾਈ। ਸਿੱਖਿਆਰਥੀਆਂ ਨੇ ਇਹ ਐਲਾਨ ਕੀਤਾ ਹੈ ਕੀ 24 ਜਨਵਰੀ ਨੂੰ ਪਾਵਰ ਪਲਾਂਟ ਦੇ ਹੋ ਰਹੇ ਘਿਰਾਓ ਵਿੱਚ ਸ਼ਮੂਲੀਅਤ ਕਰਨਗੇ। ਦੂਸਰੀ ਸਮੱਸਿਆ ਚੰਡੀਗੜ੍ਹ ਚੌਕ ਵਿੱਚ ਟ੍ਰੈਫਿਕ ਨਿਯਮਾਂ ਦੀ ਸਮੱਸਿਆ ਹੈ ਜਿਸ ਕਰਕੇ ਆਮ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਦਾ ਕਾਰਨ ਇਹ ਹੈ ਕਿ ਚੰਡੀਗੜ੍ਹ ਚੌਕ ਦੀਆਂ ਲਾਇਟਾਂ ਬੰਦ ਹਨ ਅਤੇ ਆਮ ਲੋਕਾਂ ਨੂੰ ਲੰਘਣ ਵਾਸਤੇ ਜੈਬਰਾ ਕ੍ਰਾਸਿੰਗ ਵੀ ਨਹੀਂ ਹੈ। ਸਿੱਖਿਆਰਥੀਆਂ ਨੇ ਕਿਹਾ ਹੈ ਕਿ ਚੰਡੀਗੜ੍ਹ ਚੌਕ ਵਿੱਚ ਲੋੜੀਂਦੇ ਟ੍ਰੈਫਿਕ ਨਿਯਮਾਂ ਦੀ ਪੂਰਤੀ ਕੀਤੀ ਜਾਵੇ ਤਾਂ ਕਿ ਕੋਈ ਅਣਸੁਖਾਵੀਂ ਘਟਨਾਵਾਂ ਨਾ ਵਾਪਰੇ। ਇਸ ਮੌਕੇ ਮੁੱਖ ਸਲਾਹਕਾਰ ਹਰਜਿੰਦਰ ਸਿੰਘ, ਸਿਮਰਨ ਸਿੰਘ, ਕਮੇਟੀ ਮੈਂਬਰ ਮਨਦੀਪ ਕੁਮਾਰ, ਅਮਿਤ ਕੁਮਾਰ, ਮੁਕੇਸ ਕੁਮਾਰ, ਅਰਸ਼ਪ੍ਰੀਤ, ਰੋਹਨ ਕੁਮਾਰ, ਵਿਸ਼ਾਲ ਕੁਮਾਰ, ਆਦਿ ਨਾਲ ਸਨ।

ਜ਼ੀਰਾ ਸ਼ਰਾਬ ਫੈਕਟਰੀ ਬੰਦ ਹੋਣੀ ਪੰਜਾਬ ਦੇ ਜਾਗਰੂਕ ਸੰਘਰਸ਼ਸ਼ੀਲ ਲੋਕਾਂ ਦੀ ਜਿੱਤ

ਜਲੰਧਰ -(ਰਾਜੇਸ਼ ਬਾਧ)-ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਅਤੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਮੁੱਖ ਮੰਤਰੀ ਪੰਜਾਬ ਵੱਲੋਂ ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਨ ਦੇ ਐਲਾਨ ਨੂੰ ਪੰਜਾਬ ਦੇ ਜਾਗਰੂਕ ਸੰਘਰਸ਼ਸ਼ੀਲ ਲੋਕਾਂ ਦੀ ਜਿੱਤ ਕਰਾਰ ਦਿੱਤਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਲੋਕਾਂ ਅਤੇ ਕਿਸਾਨ ਜਥੇਬੰਦੀਆਂ ਦੇ ਸਾਂਝੇ ਸੰਘਰਸ਼ ਦੇ ਦਬਾਅ ਸਦਕਾ ਸੰਭਵ ਹੋਇਆ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਦੋ ਦਰਿਆਵਾਂ ਅਤੇ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਕਰਦੇ ਬੁੱਢੇ ਨਾਲੇ ਦੀ ਸਫਾਈ ਲਈ 15 ਅਗਸਤ ਨੂੰ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨਿਆ 650 ਕਰੋੜ ਰੁਪਏ ਕਿਥੇ ਗਿਆ, ਇਹ ਵੀ ਦੱਸਣਾ ਚਾਹੀਦਾ ਹੈ। ਪੰਜਾਬ ਦੇ ਵੱਡੇ ਹਿੱਸੇ ਨੂੰ ਬੀਮਾਰੀਆਂ ਵੰਡਦੇ ਬੁੱਢੇ ਨਾਲੇ, ਲੁਧਿਆਣਾ ਦੇ ਸੀਵਰੇਜ ਦੇ ਪਾਣੀ ਅਤੇ ਫੈਕਟਰੀਆਂ ਦੇ ਜਹਿਰੀਲੇ ਰਸਾਇਣਾਂ ਵਾਲੇ ਪਾਣੀ ਨੂੰ ਸੋਧਣ ਲਈ ਟਰੀਟਮੈਂਟ ਪਲਾਂਟ ਲਗਾਉਣ ਵੱਲ ਤਰੰਤ ਧਿਆਨ ਦੇਣ ਦੀ ਮੰਗ ਕੀਤੀ ਹੈ। ਉਹਨਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਪਾਣੀ ਦੇ ਸੋਮਿਆਂ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਅਤੇ ਐਲਾਨਿਆ 650 ਕਰੋੜ ਰੁਪਏ ਜਾਰੀ ਨਾ ਕੀਤਾ ਤਾਂ ਸਰਕਾਰ ਨੂੰ ਤਿੱਖੇ ਸੰਘਰਸ ਦਾ ਸਾਹਮਣਾ ਕਰਨਾ ਪਵੇਗਾ।

ਇਨੋਸੈਂਟ ਹਾਰਟਸ ਦੇ ਨੰਨ੍ਹੇ-ਮੁੰਨੇ ਬੱਚਿਆਂ ਨੇ 'ਸੋ ਐਂਡ ਟੇਲ' ਪ੍ਰਤੀਯੋਗਤਾ 'ਚ ਦਿਖਾਈ ਆਪਣੀ ਪ੍ਰਤਿਭਾ

ਜਲੰਧਰ (ਸ਼ੈਲੀ ਐਲਬਰਟ)

ਇੰਨੋਸੈਂਟ ਹਾਰਟਸ ਦੇ ਇੰਨੋਕਿਡਜ ਵਿੱਚ ਡਿਸਕਵਰਜ ਦੇ ਲਈ "ਬੱਚਿਆਂ ਦਾ ਪਸੰਦੀਦਾ ਖਿਡੌਣਾ/ਕਾਰਟੂਨ" ਥੀਮ ਦੇ ਨਾਲ ਇੱਕ 'ਸੋ ਐਂਡ ਟੇਲ' ਮੁਕਾਬਲਾ ਆਯੋਜਿਤ ਕੀਤਾ ਗਿਆ। ਮੁਕਾਬਲਿਆਂ ਵਿੱਚ ਬੱਚਿਆਂ ਨੇ ਬੜੇ ਉਤਸਾਹ ਨਾਲ ਭਾਗ ਲਿਆ। ਉਹ ਆਪਣੇ ਮਨਪਸੰਦ ਖਿਡੌਣੇ ਜਿਵੇਂ ਹਵਾਈ ਜਹਾਜ, ਡਾਇਨਾਸੌਰ, ਮਿਕੀ ਮਾਊਸ, ਮੋਟੂ-ਪਤਲੂ, ਸੇਰ, ਟੈਡੀ ਬੀਅਰ, ਖਰਗੋਸ, ਡਾਕਟਰ ਆਦਿ ਲੈ ਕੇ ਆਏ ਸਨ। ਸਾਰੇ ਬੱਚੇ ਬੜੀ ਬੇਸਬਰੀ ਨਾਲ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਬੱਚਿਆਂ ਨੇ ਆਪਣੇ ਮਨਪਸੰਦ

20-JAN-PAGE-10.qxd 1/19/2023 10:15 PM Page 1

ਬੇਆਬਾਦ ਪਏ ਮਿਲਟਰੀ ਗਰਾਊਂਡ 'ਚੋਂ ਬੰਬ ਮਿਲਣ ਕਾਰਨ ਦਹਿਸ਼ਤ ਦਾ ਮਾਹੌਲ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)

ਸਾਰੇ ਭਾਰਤ ਵਿਚ 26 ਜਨਵਰੀ ਦੇ ਜਸ਼ਨ ਮਨਾਉਣ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਦੂਜੇ ਪਾਸੇ 26 ਜਨਵਰੀ ਤੋਂ ਪਹਿਲਾਂ ਜਿੱਥੇ ਦੇਸ ਦਾ ਮਾਹੌਲ ਖਰਾਬ ਕਰਨ ਦੀਆਂ ਧਮਕੀਆਂ ਵੀ ਲਗਾਤਾਰ ਮਿਲ ਰਹੀਆਂ ਹਨ, ਓਥੇ ਸਵੇਰੇ ਖੰਨਾ ਦੇ ਬੇਆਬਾਦ ਪਏ ਮਿਲਟਰੀ ਗਰਾਊਂਡ ਵਿੱਚੋਂ ਬੰਬ ਮਿਲਣ ਨਾਲ ਇਲਾਕੇ 'ਚ ਦਹਿਸਤ ਫੈਲ ਗਈ। ਇਹ ਜ਼ਿੰਦਾ ਬੰਬ ਗਰਾਊਂਡ ਦੀ ਕੰਧ ਨਾਲ ਰੱਖਿਆ ਗਿਆ ਸੀ। ਜੇਕਰ ਬੰਬ ਫਟ ਜਾਂਦਾ ਤਾ ਵੱਡਾ ਹਾਦਸਾ ਹੋ ਸਕਦਾ ਸੀ, ਕਿਉਂਕਿ ਬੰਬ ਵਾਲੀ ਥਾਂ ਦੇ ਨਾਲ ਹੀ ਐਸ ਐਸ ਪੀ ਦਫ਼ਤਰ, ਥਾਣਾ ਸਦਰ ਖੰਨਾ, ਨਗਰ ਕੌਂਸਲ ਖੰਨਾ ਦਾ ਦਫ਼ਤਰ ਤੋਂ ਇਲਾਵਾ ਸਬਜ਼ੀ ਮੰਡੀ ਜਿੱਥੇ ਸਵੇਰ ਸਮੇਂ ਬਹੁਤ ਜ਼ਿਆਦਾ ਰੌਣਕ ਰਹਿੰਦੀ ਹੈ ਤੇ ਰਿਹਾਇਸ਼ੀ ਇਲਾਕਾ ਹੈ। ਬੰਬ ਦੇਖਣ ਵਾਲੇ ਬਜ਼ੁਰਗ ਨੇ ਦੱਸਿਆ ਕਿ ਜਦੋਂ ਸਵੇਰੇ ਇੱਕ ਵਿਅਕਤੀ ਗਰਾਊਂਡ 'ਚ ਜੰਗਲ ਪਾਣੀ ਗਿਆ ਸੀ ਤਾਂ ਉਸ ਨੇ ਆ ਕੇ ਮੰਡੀ 'ਚ ਰੌਲਾ ਪਾਇਆ। ਉਨ੍ਹਾਂ ਜਾ ਕੇ ਦੇਖਿਆ ਤਾਂ ਕੰਧ ਨਾਲ ਬੰਬ ਪਿਆ ਸੀ, ਜਿਸ ਬਾਰੇ ਪੁਲਸ ਨੂੰ ਦੱਸਿਆ ਗਿਆ ਤੇ ਪੁਲਸ ਮੌਕੇ 'ਤੇ ਆਈ। ਬਜ਼ੁਰਗ ਨੇ ਕਿਹਾ ਕਿ ਇਸ ਬੰਬ ਨਾਲ ਪੂਰੀ ਮੰਡੀ ਨੂੰ ਖਤਰਾ ਸੀ। ਇੱਥੇ ਕਬਾੜੀ ਸਕ੍ਰੈਪ 'ਚ ਆਇਆ ਬੰਬ ਸੂਟ ਜਾਂਦੇ ਹਨ ਜੋ ਗ਼ਲਤ ਹੈ। ਮੌਕੇ 'ਤੇ ਪੁੱਜੇ ਡੀਐਸਪੀ ਹਰਪਾਲ ਸਿੰਘ ਨੇ ਕਿਹਾ ਕਿ ਗਰਾਊਂਡ 'ਚ ਜ਼ਿੰਦਾ ਬੰਬ ਮਿਲਿਆ, ਜਿਸ ਨੂੰ ਨਸਟ ਕਰਨ ਲਈ ਜਲੰਧਰ ਤੋਂ ਬੰਬ ਨਿਰੋਧਕ ਟੀਮ ਬੁਲਾਈ ਗਈ। ਬੰਬ ਨਿਰੋਧਕ ਦਸਤੇ ਨੇ ਬੰਬ ਨੂੰ

ਕਬਜ਼ੇ 'ਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕੀਤੀ। ਇਸ ਬੰਬ ਨੂੰ ਲੈ ਕੇ ਢੁੱਕਵੀਂ ਥਾਂ ਉਪਰ ਜਾ ਰਹੀ ਹੈ। ਡੀਐਸਪੀ ਨੇ ਕਿਹਾ ਕਿ ਲੱਗਦਾ ਹੈ ਕਿ ਇਹ ਬੰਬ ਸਕਰੈਪ 'ਚੋਂ ਇੱਥੇ ਆਇਆ। ਓਥੇ ਹੀ ਬੰਬ ਨਿਰੋਧਕ ਦਸਤੇ ਦੀ ਵੱਡੀ ਲਾਪ੍ਰਵਾਹੀ ਸਾਹਮਣੇ ਆਈ। ਇਹ ਦਸਤਾ ਬਿਨਾਂ ਸੇਫਟੀ ਤੋਂ ਬੰਬ ਨੂੰ ਇਸ ਤਰ੍ਹਾਂ ਚੁੱਕ ਕੇ ਲੈ ਕੇ ਗਿਆ, ਜਿਵੇਂ ਕੋਈ ਖਿਡੌਣਾ ਹੋਵੇ। ਦਸਤੇ 'ਚ ਸ਼ਾਮਲ ਮੁਲਾਜ਼ਮ ਇਸਦਾ ਜਵਾਬ ਦੇਣ ਤੋਂ ਭੱਜਦੇ ਨਜ਼ਰ ਆਏ। ਇੱਕ ਮੁਲਾਜ਼ਮ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਸਾਨੂੰ ਕੀ ਪਤਾ ਕਿਹੜਾ ਬੰਬ ਕਿੰਨਾ ਖਤਰਨਾਕ ਹੈ।

ਗਣਤੰਤਰ ਦਿਵਸ 'ਤੇ ਝੰਡਾ ਲਹਿਰਾਉਣ ਆਏ ਮੰਤਰੀਆਂ ਨੂੰ ਦਿੱਤੇ ਜਾਣਗੇ ਰੋਸ ਪੱਤਰ

ਸੰਗਰੂਰ (ਪੱਤਰ ਪ੍ਰੇਰਕ)-ਭਗਵੰਤ ਸਰਕਾਰ ਦੀਆਂ ਮੁਲਾਜ਼ਮ ਮੰਗਾਂ ਪ੍ਰਤੀ ਵਾਅਦੇ ਖਿਲਾਫ਼ੀਆਂ ਵਿਰੁੱਧ 29 ਜਨਵਰੀ ਵਿਖੇ ਪੰਜਾਬ ਸੁਬਾਰਡੀਨੇਟ ਸਰਵਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਵੱਲੋਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਕੀਤੀ ਜਾਣ ਵਾਲੀ ਸੂਬਾਈ ਮੁਲਾਜ਼ਮ ਪੈਨਸ਼ਨਰ ਰੋਸ ਰੈਲੀ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਵਰਕਿੰਗ ਚੇਅਰਮੈਨ, ਦਰਸ਼ਨ ਸਿੰਘ ਲੁਬਾਣਾ, ਸੂਬਾ ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਮੁੱਖ ਜਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ, ਸੀਨੀ: ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ਮੀਤ ਪ੍ਰਧਾਨ ਮੇਲਾ ਸਿੰਘ ਪੁੰਨਾਂਵਾਲ, ਜਸਵਿੰਦਰ ਪਾਲ ਉੱਘੀ, ਜਗਮੋਹਣ ਨੌਲੱਖਾ (ਜੰਗਲਾਤ), ਰਣਦੀਪ ਸਿੰਘ (ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ), ਜਸਕਰਨ ਸਿੰਘ ਗਹਿਰੀ ਬੁੱਟਰ (ਨਹਿਰੀ ਪਟਵਾਰ ਯੂਨੀਅਨ) ਕ੍ਰਿਸ਼ਨ ਗੋਪਾਲ ਐਕਸਾਈਜ਼) ਜੋਰਾ ਸਿੰਘ ਮਨਸੂਰਾਂ, ਜਸਵਿੰਦਰ ਸਿੰਘ ਫਤਿਹਗੜ੍ਹ ਸਾਹਿਬ, ਪੈਨਸ਼ਨਰ ਸੂਬਾਈ ਆਗੂ ਜਗਦੀਸ਼ ਸ਼ਰਮਾ ਜ਼ਿਲ੍ਹਾ ਪ੍ਰਧਾਨ ਸੀਤਾ ਰਾਮ ਸ਼ਰਮਾ ਨੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਪੰਜਾਬ ਦੇ ਲੋਕਾਂ ਤੇ 7 ਲੱਖ ਮੁਲਾਜ਼ਮਾਂ-ਪੈਨਸ਼ਨਰਾਂ ਤੇ ਠੇਕਾ, ਆਊਟ ਸੋਰਸ, ਸਕੀਮ ਵਰਕਰਾਂ ਨਾਲ ਕੀਤੇ ਵਾਅਦਿਆਂ ਤੋਂ ਪੂਰੀ ਤਰ੍ਹਾਂ ਮੁੱਕਰ ਗਈ ਹੈ, ਫੋਕੀ ਇਸ਼ਤਿਹਾਰਬਾਜ਼ੀ ਨਾਲ ਡੰਗ ਟਪਾਈ ਕੀਤੀ ਜਾ ਰਹੀ ਹੈ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਕੋਈ ਨੀਤੀ ਜਾਰੀ ਨਹੀਂ ਕੀਤੀ ਜਾ ਰਹੀ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਨੋਟੀਫਿਕੇਸ਼ਨ ਵੀ ਅਧੂਰਾ

ਹੈ, ਇਸ ਲਈ ਫ਼ੈਸਲਾ ਕੀਤਾ ਕਿ 29 ਜਨਵਰੀ ਨੂੰ ਸੰਗਰੂਰ ਵਿਖੇ ਹੋਣ ਵਾਲੀ ਸੂਬਾ ਮੁਲਾਜਮ-ਪੈਨਸ਼ਨਰ ਰੈਲੀ ਇਤਿਹਾਸਕ ਹੋਵੇਗੀ ਅਤੇ ਭਵਿੱਖ ਵਿੱਚ ਸਾਂਝੇ ਤੇ ਸੰਘਣੇ ਸੰਘਰਸ਼ਾਂ ਦਾ ਮੁੱਢ ਬੰਨ੍ਹੇਗੀ। ਆਗੂਆਂ ਨੇ ਅੱਗੇ ਦੱਸਿਆ ਕਿ ਭਗਵੰਤ ਸਿੰਘ ਮਾਨ ਸਰਕਾਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਕੀਤੇ ਵਾਅਦਿਆਂ ਤੋਂ ਪੂਰੀ ਤਰ੍ਹਾਂ ਟਾਲਾ ਵੱਟਣ ਤੇ ਹਰ ਪਾਸੇ ਗੁੱਸੇ ਦੀ ਲਹਿਰ ਤੇਜ਼ ਹੋ ਰਹੀ ਹੈ, ਜਿਸ ਦਾ ਖਮਿਆਜ਼ਾ ਮਾਨ ਸਰਕਾਰ ਨੂੰ ਭਵਿੱਖ 'ਚ ਭੁਗਤਣਾ ਪਵੇਗਾ। ਆਗੂਆਂ ਵੱਲੋਂ ਦੇਸ ਦੇ ਮੁੱਠੀ ਭਰ ਕਾਰਪੋਰੇਟ ਘਰਾਣਿਆਂ ਦੇ ਘਰ ਲੱਗ ਰਹੇ ਮਾਇਆ ਦੇ ਅੰਬਾਰਾਂ ਨੂੰ ਅਤੇ ਗਰੀਬ-ਅਮੀਰ ਵਿਚਕਾਰ ਵਧ ਰਹੇ ਆਰਥਿਕ ਪਾੜੇ ਨੂੰ ਅੱਖੋਂ ਪਰੋਖੇ ਕਰਕੇ ਪੁਰਾਣੀ ਪੈਨਸ਼ਨ ਸਕੀਮ ਦੇ ਵਿਰੋਧ ਵਿੱਚ ਕਾਰਪੋਰੇਟ ਘਰਾਣਿਆਂ ਦੇ ਹੱਥਠੋਕਾ ਅਰਥ ਸ਼ਾਸ਼ਤਰੀਆਂ ਤੇ ਬੀਜੇਪੀ ਦੇ ਆਗੂਆਂ ਵੱਲੋਂ ਕੀਤੀ ਜਾ ਰਹੀ ਬਿਆਨਬਾਜ਼ੀ ਦੀ ਵੀ ਸਖ਼ਤ ਨਿੰਦਾ ਕੀਤੀ।

ਮੰਗਾਂ ਜਿਵੇਂ ਹਰ ਤਰ੍ਹਾਂ ਦੇ ਕੱਚੇ, ਠੇਕਾ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ, ਪੁਰਾਣੀ ਪੈਨਸ਼ਨ ਸਕੀਮ ਬਿਨਾਂ ਦੇਰੀ ਲਾਗੂ ਕਰਨ, ਸਕੀਮ ਵਰਕਰਾਂ, ਆਂਗਣਵਾੜੀ, ਆਸ਼ਾ, ਮਿੱਡ ਡੇਅ ਮੀਲ, ਵਰਕਰਾਂ ਨੂੰ ਮੁਲਾਜ਼ਮ ਮੰਨਕੇ ਘੱਟੋ-ਘੱਟ ਉਜਰਤ 26000 ਰੁਪਏ ਲਾਗੂ ਕਰਨ, ਤਨਖਾਹ ਸਕੇਲਾਂ ਦੀਆਂ ਤਰੁੱਟੀਆਂ ਦੂਰ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 3.8 ਦਾ ਗੁਣਾਂਕ ਦੇਣਾ, 4% ਡੀ.ਏ ਦੀ ਕਿਸ਼ਤ ਤੇ ਸਾਰਾ ਬਕਾਇਆ ਦੇਣਾ, ਜੁਲਾਈ 2015 ਤੋਂ 119% ਡੀਏ ਦੇਣ ਬਾਰੇ ਮਾਨਯੋਗ ਹਾਈਕੋਰਟ ਦਾ ਫ਼ੈਸਲਾ ਤੁਰੰਤ ਲਾਗੂ ਕਰਨ, ਖਤਮ ਕੀਤੀਆਂ ਅਸਾਮੀਆਂ ਮੁੜ ਸੁਰਜੀਤ ਕਰਕੇ ਰੈਗੂਲਰ ਭਰਤੀ ਕਰਨਾ, ਵਿਭਾਗਾਂ ਦਾ ਨਿੱਜੀ ਕਰਨ ਬੰਦ ਕਰਨ, ਠੇਕਾ ਪ੍ਰਣਾਲੀ ਦਾ ਖਾਤਮਾਂ, ਪਰਖ ਕਾਲ ਦੌਰਾਨ ਬੇਸਿਕ ਤਨਖਾਹ ਦੇਣ ਦਾ 15 ਜਨਵਰੀ 2015 ਦਾ ਪੱਤਰ ਤੇ ਕੇਂਦਰੀ ਤਨਖਾਹ ਸਕੇਲਾਂ 'ਚ ਭਰਤੀ ਕਰਨ ਦਾ 17 ਜਲਾਈ 2020 ਦਾ ਪੱਤਰ ਵਾਪਸ ਲੈਣਾ, ਛੋਟੇ ਮੁਲਾਜ਼ਮਾਂ ਤੇ ਵੱਡੇ ਅਫ਼ਸਰਾਂ ਵਿਚਕਾਰ ਤਨਖਾਹ ਪਾੜੇ ਨੂੰ 1:14 ਤੋਂ ਘਟਾ ਕੇ 1:7 ਤੱਕ ਕਰਨਾ ਆਦਿ ਮੰਗਾਂ ਦੀ ਪ੍ਰਾਪਤੀ ਲਈ 29 ਜਨਵਰੀ ਨੂੰ ਸੰਗਰੂਰ ਵੱਡੀ ਰੋਸ ਰੈਲੀ ਤੇ ਮੁਜ਼ਾਹਰਾ ਕੀਤਾ ਜਾਵੇਗਾ, ਜਿਸ ਦੀਆਂ ਤਿਆਰੀਆਂ ਲਈ ਗਰਾਊਂਡ ਪੱਧਰ ਤੱਕ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ। 21 ਜਨਵਰੀ ਨੂੰ ਜ਼ਿਲ੍ਹਾ ਪੱਧਰੀ ਸਾਂਝੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ। 26 ਜਨਵਰੀ ਨੂੰ ਗਣਤੰਤਰ ਦਿਵਸ ਤੇ ਝੰਡਾ ਲਹਿਰਾਉਣ ਆਏ ਮੰਤਰੀਆਂ ਰੋਸ ਮਾਰਚ ਕਰਕੇ ਮੰਗਾਂ ਦੇ ਯਾਦ ਪੱਤਰ ਦਿੱਤੇ ਜਾਣਗੇ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੰਡੀਅਨ ਆਇਲ ਡੀਪੂ ਵਿਖੇ ਮੌਕ ਡਰਿੱਲ

ਸੰਗਰੂਰ (ਪ੍ਰਵੀਨ ਸਿੰਘ)-ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਵੱਲੋਂ ਕਿਸੇ ਵੀ ਤਰ੍ਹਾਂ ਦੀ ਗੈਰ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਵੱਖ-ਵੱਖ ਵਿਭਾਗਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਇੰਡੀਅਨ ਆਇਲ ਦੇ ਡੀਪੂ 'ਚ ਅੱਗ ਲੱਗਣ ਤੋਂ ਬਚਾਅ ਕਾਰਜਾਂ ਦੀ ਮੌਕ ਡਰਿੱਲ ਕਰਵਾਈ ਗਈ। ਇਸ ਮੌਕ ਡਰਿੱਲ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਡਿਪਟੀ ਡਾਇਰੈਕਟਰ ਫੈਕਟਰੀਜ਼ ਵੱਲੋਂ ਫਾਇਰ ਬ੍ਰਿਗੇਡ, ਪੁਲਸ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਕਿਸੇ ਵੀ ਆਫ਼ਤ ਦੌਰਾਨ ਤਿਆਰੀ ਲਈ ਘੱਟ ਤੋਂ ਘੱਟ ਸਮੇਂ 'ਚ ਰਾਹਤ ਕਾਰਵਾਈ ਕਰਨ ਲਈ ਅਭਿਆਸ ਕੀਤਾ ਗਿਆ। ਮੌਕ ਡਰਿਲ 'ਚ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼ਾਮਿਲ ਹੋਏ ਡਿਪਟੀ ਡਾਇਰੈਕਟਰ ਫੈਕਟਰੀਜ਼ ਸੰਗਰੂਰ ਵਿਸ਼ਾਲ ਸਿੰਗਲਾ ਨੇ ਦੱਸਿਆ ਕਿ ਇਹ ਇੱਕ ਤਰ੍ਹਾਂ ਦੀ ਅਭਿਆਸ ਕਾਰਵਾਈ ਸੀ, ਜਿਸ ਵਿੱਚ ਅਚਨਚੇਤ ਕਿਸੇ ਅਣਹੋਣੀ ਹੋਣ ਦੀ ਸੂਰਤ ਬਚਾਅ ਕਾਰਜਾਂ ਲਈ ਜ਼ਿੰਮੇਵਾਰ ਵਿਭਾਗਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਜਿਹੀ ਕਿਸੇ ਵੀ ਘਟਨਾ ਨਾਲ ਨਜਿੱਠਣ ਲਈ ਹਮੇਸ਼ਾ ਤਿਆਰ ਬਰ ਤਿਆਰ ਹੈ ਅਤੇ ਤਿਆਰੀ ਦਾ ਜਾਇਜ਼ਾ ਲੈਣ ਲਈ ਹੀ ਵੱਖ-ਵੱਖ ਸਮਿਆਂ 'ਤੇ ਅਚਾਨਕ ਅਜਿਹੀਆਂ ਅਭਿਆਸ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ।

ਕਾਤਰਾਂ

ਪਰਮਜੀਤ ਕੌਰ ਮਰਾੜ ਦਾ ਦੇਹਾਂਤ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)-ਸਾਬਕਾ ਵਿਧਾਇਕ ਸਵ: ਸੁਖਦਰਸ਼ਨ ਸਿੰਘ ਮਰਾੜ ਦੀ ਧਰਮਪਤਨੀ, ਐਸ ਪੀ ਰਾਜਬਲਵਿੰਦਰ ਸਿੰਘ ਮਰਾੜ, ਜਸਪਾਲ ਸਿੰਘ ਮਰਾੜ ਕੈਨੇਡਾ ਦੇ ਮਾਤਾ ਅਤੇ ਅਵਤਾਰ ਸਿੰਘ ਮਿੰਨਾ ਜ਼ੀਰਾ ਦੇ ਸੱਸ ਜਿਨ੍ਹਾਂ ਦਾ ਅਚਾਨਕ ਦੇਹਾਂਤ ਹੋ ਗਿਆ , ਉਨ੍ਹਾ ਦਾ ਅੰਤਿਮ ਸੰਸਕਾਰ ਅੱਜ 19 ਜਨਵਰੀ ਦਿਨ ਵੀਰਵਾਰ ਨੂੰ ਸਵੇਰੇ 11:00 ਉਨਾਂ ਦੇ ਜੱਦੀ ਪਿੰਡ ਮਰਾੜ ਕਲਾਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਵੇਗਾ।

ਮੋਬਾਈਲ ਖੋਹਣ ਵਾਲੇ ਗ੍ਰਿਫ਼ਤਾਰ

ਜਲਾਲਾਬਾਦ (ਦਹੂਜਾ)-ਥਾਣਾ ਸਿਟੀ ਪੁਲਸ ਨੇ ਮੋਬਾਇਲ ਖੋਹਣ ਵਾਲੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਤਫ਼ਤੀਸ਼ੀ ਅਫ਼ਸਰ ਅਮਰੀਕ ਸਿੰਘ ਨੇ ਦੱਸਿਆ ਕਿ ਉਨ੍ਹਾ ਨੂੰ ਸਵਰਨ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਚੱਕ ਦੁਮਾਲ ਉਰਫ਼ ਟਿੰਡਾ ਵਾਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਰਾਜ ਸਿੰਘ ਪੁੱਤਰ ਮਿਲਖਾ ਸਿੰਘ ਵਾਸੀ ਮੋਹਕਮ ਅਰਾਈਆਂ ਅਤੇ ਸਾਜਨ ਸਿੰਘ ਉਰਫ ਸੰਦੀਪ ਪੁੱਤਰ ਬਲਵਿੰਦਰ ਸਿੰਘ ਵਾਸੀ ਮੋਗਾ ਗਲੀ ਜਲਾਲਾਬਾਦ ਮੋਟਰਸਾਈਕਲ 'ਤੇ ਸਵਾਰ ਹੋ ਕੇ ਝਪੱਟਾ ਮਾਰ ਕੇ ਉਸ ਦਾ ਮੋਬਾਈਲ ਖੋਹ ਲਿਆ ਗਿਆ। ਪੁਲਸ ਨੇ ਦੋਵਾਂ ਨੂੰ ਬਿਨਾਂ ਨੰਬਰੀ ਮੋਟਰਸਾਈਕਲ ਅਤੇ ਓਪੋ ਮੋਬਾਈਲ ਸਮੇਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖਿਲਾਫ਼ ਧਾਰਾ 379ਬੀ, 34 ਅਧੀਨ ਪਰਚਾ ਦਰਜ ਕਰ ਲਿਆ ਹੈ।

'ਫ਼ਰਿਸ਼ਤੇ ਯੋਜਨਾ' ਤਹਿਤ ਜ਼ਖ਼ਮੀਆਂ ਨੂੰ ਹਸਪਤਾਲ ਪੁਚਾਉਣ ਦਾ ਫ਼ੈਸਲਾ ਸ਼ਲਾਘਾਯੋਗ : ਡਾ. ਦਈਆ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-'ਫ਼ਰਿਸ਼ਤੇ ਯੋਜਨਾ' ਤਹਿਤ ਸੜਕ ਹਾਦਸੇ ਵਿੱਚ ਜ਼ਖ਼ਮੀ ਹੋਏ ਵਿਅਕਤੀ ਨੂੰ ਹਸਪਤਾਲ ਪੁਚਾਉਣ ਵਾਲੇ ਨੂੰ ਦੋ ਹਜ਼ਾਰ ਰੁਪਏ ਦਿੱਤੇ ਜਾਣ ਅਤੇ ਜ਼ਖ਼ਮੀ ਵਿਅਕਤੀਆਂ ਦੇ ਇਲਾਜ ਦਾ ਸਾਰਾ ਖਰਚਾ ਰਾਜ ਸਰਕਾਰ ਵੱਲੋਂ ਦਿੱਤੇ ਜਾਣ ਦਾ ਲਿਆ ਗਿਆ ਫ਼ੈਸਲਾ ਸ਼ਲਾਘਾਯੋਗ ਉਪਰਾਲਾ ਹੈ । ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਉਕਤ ਲਿਆ ਗਿਆ ਫ਼ੈਸਲਾ ਹਾਦਸੇ ਵਿੱਚ ਜ਼ਖ਼ਮੀ ਹੋਏ ਵਿਅਕਤੀਆਂ ਲਈ ਵਰਦਾਨ ਸਾਬਤ ਹੋਵੇਗਾ, ਕਿਉਂਕਿ ਜਿੱਥੇ ਪਹਿਲਾਂ ਆਮ ਵਿਅਕਤੀ ਜ਼ਖ਼ਮੀ ਵਿਅਕਤੀਆਂ ਨੂੰ ਚੁੱਕਣ ਤੋਂ ਕੰਨੀ ਕਤਰਾਉਂਦਾ ਸੀ, ਉੱਥੇ ਹੁਣ ਬਿਨਾਂ ਕਿਸੇ ਡਰ ਤੋਂ ਆਮ ਵਿਅਕਤੀਆਂ ਵੱਲੋਂ ਜ਼ਖ਼ਮੀਆਂ ਨੂੰ ਹਸਪਤਾਲ ਪੁਚਾਇਆ ਜਾਵੇਗਾ ਤੇ ਜਿਸ ਨਾਲ ਰੋਜ਼ਾਨਾ ਹੀ ਸੈਂਕੜੇ ਕੀਮਤੀ ਜਾਨਾਂ ਬਚ ਸਕਣਗੀਆਂ।

ਜ਼ੀਰਾ ਫੈਕਟਰੀ ਬੰਦ ਕਰਨ ਦੇ ਹੁਕਮਾਂ 'ਤੇ ਕਿਸਾਨਾਂ ਨੇ ਲੱਡੂ ਵੰਡ ਕੇ ਕੀਤਾ ਖੁਸ਼ੀ ਦਾ ਇਜ਼ਹਾਰ

ਜਲਾਲਾਬਾਦ (ਦਹੂਜਾ)-ਫਿਰੋਜ਼ਪੁਰ ਦੇ ਜੀਰਾ ਵਿੱਚ ਸ਼ਰਾਬ ਦੀ ਫੈਕਟਰੀ ਬੰਦ ਕਰਨ ਦੇ ਸੀਐਮ ਭਗਵੰਤ ਮਾਨ ਨੇ ਹੁਕਮ ਜਾਰੀ ਕਰ ਦਿੱਤੇ ਹਨ। ਸ਼ਰਾਬ ਫੈਕਟਰੀ ਨੂੰ ਬੰਦ ਕਰਨ ਦੇ ਹੁਕਮਾਂ ਬਾਰੇ ਜਲਾਲਾਬਾਦ ਵਿੱਚ ਭਾਰਤੀ ਕਿਸਾਨ ਯੂਨੀਅਨ ਡਕੌਦਾ ਦੇ ਜ਼ਿਲ੍ਹਾ ਪ੍ਰਧਾਨ ਹਰੀਸ਼ ਨੱਡਾ ਨੇ ਕਿਹਾ ਕਿ ਕਿਸਾਨ ਫੈਕਟਰੀ ਬੰਦ ਕਰਵਾਉਣ ਲਈ ਲੰਮੇ ਸਮੇਂ ਤੋਂ ਰੋਸ ਪ੍ਰਦਰਸ਼ਨ ਕਰ ਰਹੇ ਸਨ ਅਤੇ ਸਰਕਾਰ ਨੂੰ ਇਹ ਫੈਸਲਾ ਪਹਿਲਾਂ ਹੀ ਲੈਣਾ ਚਾਹੀਦਾ ਸੀ। ਨੱਡਾ ਨੇ ਦੱਸਿਆ ਕਿ ਫੈਕਟਰੀ ਦੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਦੂਸ਼ਿਤ ਪਾਣੀ ਕਾਰਨ ਕੈਂਸਰ ਅਤੇ ਪੀਲੀਆ ਵਰਗੀਆਂ ਬਿਮਾਰੀਆਂ ਵਧ ਰਹੀਆਂ ਹਨ। ਫੈਕਟਰੀ ਬੰਦ ਕਰਵਾਉਣ ਨੂੰ ਲੈ ਕੇ ਕਿਸਾਨ ਅਤੇ ਪੁਲਸ ਵੀ ਆਹਮੋ-ਸਾਹਮਣੇ ਆ ਗਏ। ਪੁਲਸ ਨੇ ਕਈ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਨੇ ਦਿੱਲੀ ਦੇ ਸੰਘਰਸ਼ ਵਾਂਗ ਜ਼ੀਰਾ ਫੈਕਟਰੀ ਬੰਦ ਕਰਵਾਉਣ ਦੇ ਵਿਰੋਧ ਵਿੱਚ ਕਿਸਾਨਾਂ ਦੀ ਜਿੱਤ ਦੀ ਜਿੱਤ ਹਾਸਲ ਕੀਤੀ ਹੈ।

ਕੁੱਟਮਾਰ ਦੇ 4 ਦੋਸ਼ੀਆਂ ਖਿਲਾਫ ਪਰਚਾ ਦਰਜ

**ਜ

20-Jan-2023-page-11-Majha.qxd 1/19/2023 10:21 PM Page 1

ਫੌਂਡਰੀਆਂ ਦੇ ਵਰਕਰਾਂ ਨੇ ਮੰਗਾਂ ਦੇ ਹੱਕ 'ਚ ਦਿੱਤਾ ਧਰਨਾ

ਬਟਾਲਾ (ਤਰਲੋਕ ਬੱਗਾ) : ਫੌਂਡਰੀ ਅਤੇ ਵਰਕਸ਼ਾਪ ਮਜ਼ਦੂਰ ਯੂਨੀਅਨ (ਏਕਟੂ) ਦੇ ਸੱਦੇ ਉਪਰ ਬਟਾਲੇ ਦੀਆਂ ਦਰਜਨਾਂ ਫੌਂਡਰੀਆਂ ਦੇ ਵਰਕਰਾਂ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਹੜਤਾਲ ਕਰਕੇ ਕਿਰਤ ਦਫਤਰ ਬਟਾਲਾ ਮੋਹਰੇ ਧਰਨਾ ਦਿੱਤਾ। ਇਸ ਸਮੇਂ ਬੋਲਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਅਤੇ ਏਕਟੂ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਅਤੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਭੁੰਬਲੀ ਨੇ ਫੈਕਟਰੀ ਮਾਲਕਾਂ ਉਪਰ ਬੀਤੇ ਤਿੰਨ ਸਾਲਾਂ ਤੋਂ ਮਜ਼ਦੂਰਾਂ ਦੀ ਮਜ਼ਦੂਰੀ ਨਾ ਵਧਾਉਣ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਬੀਤੇ ਤਿੰਨ ਸਾਲਾਂ ਦੌਰਾਨ ਤਿੰਨ ਗੁਣਾ ਤੋਂ ਵਧੇਰੇ ਮਹਿੰਗਾਈ ਵਧ ਚੁਕੀ ਹੈ ਪਰ ਮਜ਼ਦੂਰਾਂ ਦੀ ਮਜ਼ਦੂਰੀ ਨਹੀਂ ਵਧਾਈ ਗਈ।

ਬਟਾਲੇ ਦੇ ਇਨ੍ਹਾਂ 95 ਫੀਸਦੀ ਮਜ਼ਦੂਰਾਂ ਲਈ ਨਾ ਈ ਐਸ ਆਈ,ਪਰੋਵੀਡੈਂਟ ਫੰਡ, ਬੋਨਸ, ਹਾਜ਼ਰੀ ਅਤੇ ਨਾ ਛੁੱਟੀਆਂ ਦੇ ਲਾਭਾਂ ਦਾ ਭੁਗਤਾਨ ਕੀਤਾ ਜਾਂਦਾ ਹੈ, ਜਿਸ ਕਾਰਨ ਵਰਕਰਾਂ ਵਿੱਚ ਬੇਹੱਦ ਗੁੱਸਾ ਹੈ। ਬੱਖਤਪੁਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਧਦੀ ਮਹਿੰਗਾਈ ਅਨੁਸਾਰ ਸਾਲ ਵਿੱਚ ਪਹਿਲੀ ਮਾਰਚ ਅਤੇ ਪਹਿਲੀ ਸਤੰਬਰ ਨੂੰ ਦੋ ਵਾਰ ਮਜ਼ਦੂਰੀ 'ਚ ਵਾਧਾ ਹੁੰਦਾ ਹੈ ਪਰ ਸਰਕਾਰ ਅਤੇ ਕਿਰਤ ਵਿਭਾਗ ਦੀਆਂ ਨਾਕਾਮੀਆਂ ਕਾਰਨ ਬਟਾਲੇ ਦੇ ਫੌਂਡਰੀ ਮਜ਼ਦੂਰ, ਮਜ਼ਦੂਰੀ ਦੇ ਵਾਧੇ ਅਤੇ ਹੋਰ ਕਈ ਸਹੂਲਤਾਂ ਤੋਂ ਵਾਂਝੇ ਹਨ। ਏਕਟੂ ਨੇ ਕਾਰਖਾਨੇਦਾਰਾਂ ਨੂੰ ਇਕ ਹਫਤੇ ਤੱਕ ਮਜ਼ਦੂਰਾਂ ਦੇ ਪੀਸ ਰੇਟਾਂ 'ਚ 20% ਦਾ ਵਾਧਾ ਕਰਨ ਦਾ ਸਮਾਂ ਦਿੰਦਿਆਂ 27 ਜਨਵਰੀ ਨੂੰ ਫਿਰ ਇੱਕ ਦਿਨ ਵੀ ਹੜਤਾਲ ਕਰਨ ਦਾ ਸੱਦਾ ਦਿੱਤਾ ਹੈ।

ਜੇਕਰ ਪ੍ਰਸ਼ਾਸਨ ਅਤੇ ਕਿਰਤ ਦਫਤਰ ਨੇ ਮਾਲਕਾਂ ਉਪਰ ਦਬਾਅ ਪਾ ਕੇ ਮਜ਼ਦੂਰ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਹੜਤਾਲ ਲਗਾਤਾਰ ਕਰ ਦਿੱਤੀ ਜਾਵੇਗੀ। ਰੈਲੀ ਵਿੱਚ ਬੰਟੀ ਪਿੰਡਾ ਰੋੜੀ,ਪਿੰਟਾ ਤਲਵੰਡੀ ਭਰਥ ਅਤੇ ਕੁਲਦੀਪ ਰਾਜੂ ਆਦਿ ਹਾਜ਼ਰ ਸਨ।

ਬੰਧਕ ਬਣਾ ਕੇ ਲੁੱਟਣ ਵਾਲਿਆਂ ਖਿਲਾਫ ਕਾਰਵਾਈ ਨਾ ਹੋਈ ਤਾਂ ਹੋਵੇਗਾ ਸੰਘਰਸ਼ : ਪੰਨੂੰ

ਪੱਟੀ (ਬਲਦੇਵ ਸਿੰਘ ਸੰਧੂ ,ਸ਼ਮਸ਼ੇਰ ਸਿੰਘ ਯੋਧਾ) : ਬੀਤੇ ਦਿਨੀਂ ਪਾਵਰਕਾਮ ਸਬ ਸਟੇਸ਼ਨ ਸੁਲਤਾਨਪੁਰ ਲੋਧੀ ਵਿਖੇ ਅਣਪਛਾਤਿਆਂ ਵੱਲੋਂ ਕਰਮਚਾਰੀਆਂ ਨੂੰ ਬੰਧਕ ਬਣਾ ਕੇ ਸਟੋਰ 'ਚ ਪਿਆ ਸਰਕਾਰੀ ਸਮਾਨ ਲੁੱਟਿਆ ਗਿਆ। ਇਸ ਦੌਰਾਨ ਹਮਲਾਵਰਾਂ ਨੇ ਕਰਮਚਾਰੀਆਂ ਨੂੰ ਜ਼ਖਮੀ ਕਰ ਦਿੱਤਾ। ਇਸ ਘਟਨਾਕ੍ਰਮ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਉਹ ਘੱਟ ਹੈ। ਗਰਿੱਡ ਸਬ ਸਟੇਸ਼ਨ ਇੰਪਲਾਇਜ਼ ਯੂਨੀਅਨ ਡਵੀਜ਼ਨ ਤਰਨਤਾਰਨ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਪੰਨੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੀ ਸੱਤਾ 'ਤੇ ਆਈ ਨਵੀਂ ਸਰਕਾਰ ਅਮਨ ਤੇ ਕਾਨੂੰਨ ਵਿਵਸਥਾ ਬਹਾਲ ਨਹੀਂ ਰੱਖ ਸਕੀ। ਆਮ ਜਨਤਾ ਦੇ ਨਾਲ ਨਾਲ ਹੁਣ ਲੁਟੇਰੇ ਸਰਕਾਰੀ ਸੰਪਤੀ ਨੂੰ ਵੀ ਨਿਸ਼ਾਨਾ ਬਣਾਉਣ ਲੱਗ ਗਏ ਹਨ। ਹਰ ਪਾਸੇ ਸਹਿਮ ਦਾ ਆਲਮ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸੇ ਪ੍ਰਕਾਰ ਕਰਮਚਾਰੀਆਂ 'ਤੇ ਹਮਲੇ ਹੁੰਦੇ ਰਹੇ ਤਾਂ ਸਰਕਾਰੀ ਸੰਪਤੀ ਨੂੰ ਬਚਾਉਣਾ ਬਹੁਤ ਮੁਸ਼ਕਲ ਹੋਵੇਗਾ। ਆਗੂਆਂ ਨੇ ਪਾਵਰਕਾਮ ਵਿਭਾਗ ਦੇ ਨਾਲ ਨਾਲ ਪੰਜਾਬ ਸਰਕਾਰ ਪਾਸੋਂ ਮੰਗ ਕਰਦਿਆਂ ਕਿਹਾ ਕਿ ਪਾਵਰ ਗਰਿੱਡ 'ਤੇ ਜੁਰਮ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਹਥਿਆਰਬੰਦ ਵਿਸ਼ੇਸ਼ ਸੁਰੱਖਿਆ ਦਾ ਪ੍ਰਬੰਧ ਕੀਤਾ ਜਾਵੇ। ਸੁਲਤਾਨਪੁਰ ਲੋਧੀ ਘਟਨਾ ਦੇ ਮੁਲਜ਼ਮਾਂ ਨੂੰ ਕਾਨੂੰਨੀ ਸ਼ਿਕੰਜੇ 'ਚ ਲਿਆਉਣ ਦੀ ਕਾਰਵਾਈ 'ਚ ਤੇਜ਼ੀ ਕਰਕੇ ਕਰਮਚਾਰੀਆਂ ਨੂੰ ਇਨਸਾਫ ਦਿਵਾਉਣਾ ਯਕੀਨੀ ਬਣਾਇਆ ਜਾਵੇ। ਇਸ ਮੌਕੇ 'ਤੇ ਯੂਨੀਅਨ ਦੇ ਸਕੱਤਰ ਲਖਬੀਰ ਸਿੰਘ ਹਰੀਕੇ ਨੇ ਕਿਹਾ ਕਿ ਜੇਕਰ ਪੁਲਸ ਨੇ ਮੁਲਜ਼ਮਾਂ ਵਿਰੁੱਧ ਕਾਰਵਾਈ 'ਚ ਢਿੱਲਮੱਠ ਦਾ ਰਵੱਈਆ ਅਪਣਾਇਆ ਤਾਂ ਪੰਜਾਬ ਭਰ ਦੇ ਸਮੂਹ ਕਰਮਚਾਰੀ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ। ਇਸ ਮੌਕੇ ਜਗਤਾਰ ਸਿੰਘ, ਗੁਰਦੇਵ ਸਿੰਘ ਅਤੇ ਸਿਮਰਨਜੀਤ ਸਿੰਘ ਹਾਜ਼ਰ ਸਨ।

ਅਟਾਰੀ 'ਚ ਜਮਹੂਰੀ ਕਿਸਾਨ ਸਭਾ ਦਾ ਤਹਿਸੀਲ ਪੱਧਰੀ ਡੈਲੀਗੇਟ ਅਜਲਾਸ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) : ਜਮਹੂਰੀ ਕਿਸਾਨ ਸਭਾ ਪੰਜਾਬ (ਸੰਬੰਧਤ ਸੰਯੁਕਤ ਕਿਸਾਨ ਮੋਰਚਾ ਭਾਰਤ) ਤਹਿਸੀਲ ਅੰਮ੍ਰਿਤਸਰ ਦਾ ਇਜਲਾਸ ਅਟਾਰੀ ਵਿਖੇ ਹੋਇਆ, ਜੋ ਬਾਬਾ ਅਰਜਨ ਸਿੰਘ, ਬੂਟਾ ਸਿੰਘ ਮੋਦੇ, ਨੰਬਰਦਾਰ ਗੁਰਦੇਵ ਸਿੰਘ ਮੁਹਾਵਾ, ਮੱਖਣ ਸਿੰਘ ਰਾਜਾਤਾਲ ਤੇ ਸੁੱਚਾ ਸਿੰਘ ਬੇਗੋਵਾਲ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਮੌਕੇ 48 ਪਿੰਡਾਂ ਦੇ ਡੈਲੀਗੇਟ ਸ਼ਾਮਲ ਹੋਏ। ਇਸ ਮੌਕੇ ਤਿੰਨ ਸਾਲਾਂ ਦੀ ਵਿਸਥਾਰ ਰਿਪੋਰਟ ਮਾਸਟਰ ਹਰਭਜਨ ਸਿੰਘ ਟਰਪਈ ਨੇ ਪੇਸ਼ ਕੀਤੀ ਤੇ ਦਿੱਲੀ ਮੋਰਚੇ ਦੌਰਾਨ ਸ਼ਹੀਦ ਹੋਏ 779 ਕਿਸਾਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਰਿਪੋਰਟ 'ਤੇ 16 ਸਾਥੀਆਂ ਵੱਲੋਂ ਕੀਮਤੀ ਸੁਝਾਅ ਪੇਸ਼ ਕੀਤੇ ਗਏ। ਅਟਾਰੀ ਵਿਖੇ ਇਜਲਾਸ ਦਾ ਉਦਘਾਟਨ ਕਿਸਾਨ ਆਗੂ ਰਤਨ ਸਿੰਘ ਰੰਧਾਵਾ ਤੇ ਮੁਖਤਾਰ ਸਿੰਘ ਮੁਹਾਵਾ ਵੱਲੋਂ ਕੀਤਾ ਗਿਆ। ਡੈਲੀਗੇਟ ਇਜਲਾਸ ਨੂੰ ਸੰਬੋਧਨ ਕਰਦਿਆਂ ਆਗੂ ਰਤਨ ਸਿੰਘ ਰੰਧਾਵਾ ਤੇ ਮੁਖਤਾਰ ਸਿੰਘ ਮੁਹਾਵਾ ਨੇ ਕਿਹਾ ਕਿ ਜ਼ੀਰਾ ਮਿੱਲ ਬੰਦ ਕਰਾਉਣ ਵਿੱਚ ਲੋਕ ਸੰਘਰਸ਼ ਦੀ ਜਿੱਤ ਹੋਈ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲਾ ਸਮਾਂ ਤਿੱਖੇ ਸੰਘਰਸ਼ ਦਾ ਸਮਾਂ ਹੋਵੇਗਾ ਜਿਸ ਵਿੱਚ 2023 ਵਿੱਚ ਖੇਤੀ ਫ਼ਸਲਾਂ ਦੇ ਭਾਅ ਦੀ ਕਾਨੂੰਨੀ ਗਾਰੰਟੀ (ਐਮ ਐਸ ਪੀ), ਲਖੀਮਪੁਰ ਖੀਰੀ ਘਟਨਾ 'ਚ ਦੋਸ਼ੀ ਕੇਂਦਰੀ ਰਾਜ ਮੰਤਰੀ ਟੈਨੀ ਦੀ ਗ੍ਰਿਫ਼ਤਾਰੀ, ਚਾਰ ਫੜੇ ਗਏ ਕਿਸਾਨਾਂ ਦੀ ਧਾਰਾ 302 ਖਤਮ ਕਰਾਉਣ, ਲਖੀਮਪੁਰ ਖੀਰੀ 'ਚ 5 ਸ਼ਹੀਦ ਹੋਏ ਕਿਸਾਨਾਂ ਦੇ ਪਰਵਾਰਾਂ ਨੂੰ ਸਰਕਾਰੀ ਨੌਕਰੀ ਦੇਣ, 60 ਸਾਲਾਂ ਉਮਰ ਦੇ ਹਰੇਕ ਕਿਸਾਨ ਨੂੰ 10 ਹਜ਼ਾਰ ਰੁਪਏ ਪੈਨਸ਼ਨ ਦੇਣ, ਕਰਜ਼ੇ 'ਤੇ ਲੀਕ ਮਾਰਨ, ਫ਼ਸਲੀ ਬੀਮਾ ਕਰਨ ਤੋਂ ਇਲਾਵਾ ਫੈਲ ਚੁੱਕੇ ਨਸ਼ੇ, ਬੇਰੁਜ਼ਗਾਰੀ, ਮੰਹਿਗਾਈ ਆਦਿ ਮੁੱਦਿਆਂ 'ਤੇ ਕੇਂਦਰਤ ਕਰਕੇ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ 26 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਜੀਂਦ (ਹਰਿਆਣਾ) ਵਿੱਚ ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਜਲਾਸ ਦੇ ਅਖੀਰ ਵਿੱਚ ਡੈਲੀਗੇਟਾਂ ਦੀ ਚੋਣ ਹੋਈ, ਜਿਸ ਵਿੱਚ ਬਾਬਾ ਅਰਜਨ ਸਿੰਘ ਸਰਪੰਚ ਨੂੰ ਤਹਿਸੀਲ ਪ੍ਰਧਾਨ, ਹਰਭਜਨ ਸਿੰਘ ਨੂੰ ਜਨਰਲ ਸਕੱਤਰ ਤੋਂ ਇਲਾਵਾ ਨਿਰਮਲ ਸਿੰਘ ਮੋਦੇ, ਬਲਦੇਵ ਸਿੰਘ ਧਾਰੀਵਾਲ, ਸ਼ਰਨਜੀਤ ਸਿੰਘ ਧਨੋਏ, ਬੂਟਾ ਸਿੰਘ, ਗੁਰਨਾਮ ਸਿੰਘ, ਸੁੱਖ ਲਾਹੌਰੀਮੱਲ, ਮਨਿੰਦਰ ਸਿੰਘ ਨੇਸ਼ਟਾ ਜੱਸ ਰੋੜਾਂਵਾਲਾ, ਸੰਤੋਖ ਸਿੰਘ ਬੱਚੀਵਿੰਡ, ਹਰਜਿੰਦਰ ਸਿੰਘ ਘਰਿੰਡਾ, ਮਨਿੰਦਰ ਸਿੰਘ ਖਾਸਾ, ਮਨਜੀਤ ਸਿੰਘ, ਸੁੱਚਾ ਸਿੰਘ ਬੇਗੋਵਾਲ, ਦਲਬੀਰ ਸਿੰਘ ਮਜੀਠਾ, ਪ੍ਰਤਾਪ ਸਿੰਘ ਪੰਡੋਰੀ, ਮੰਗਲ ਸਿੰਘ ਸਾਂਘਣਾ ਕਮੇਟੀ ਦੇ ਮੈਂਬਰ ਚੁਣੇ ਗਏ।

ਧਾਰਮਕ ਪ੍ਰੀਖਿਆ 'ਚ ਅੱਵਲ ਰਹਿਣ ਵਾਲੇ ਵਿਦਿਆਰਥੀ ਸਨਮਾਨਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) : ਚੀਫ਼ ਖ਼ਾਲਸਾ ਦੀਵਾਨ ਦੀ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ ਟੀ ਰੋਡ ਦੇ ਤਿੰਨ ਵਿਦਿਆਰਥੀਆਂ ਗੁਰਲੀਨ ਕੌਰ, ਗੁਰਤੇਜ ਸਿੰਘ ਅਤੇ ਕੰਵਰਦੀਪ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕਰਵਾਈ ਜਾਂਦੀ ਧਾਰਮਿਕ ਪ੍ਰੀਖਿਆ ਵਿੱਚ ਵਜ਼ੀਫੇ ਪ੍ਰਾਪਤ ਕੀਤੇ। ਗੁਰਲੀਨ ਕੌਰ ਨੇ ਇੱਕੀ ਸੌ ਰੁਪਿਆ ਅਤੇ ਗੁਰਤੇਜ ਸਿੰਘ ਅਤੇ ਕੰਵਰਦੀਪ ਦੀਪ ਸਿੰਘ ਨੇ ਗਿਆਰਾਂ ਗਿਆਰਾਂ ਸੌ ਰੁਪਿਆ ਨਗਦ ਇਨਾਮ ਪ੍ਰਾਪਤ ਕੀਤਾ। ਪ੍ਰੋ ਹਰੀ ਸਿੰਘ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਅਤੇ ਮੈਂਬਰ ਇੰਚਾਰਜ ਸਕੂਲ ਅਤੇ ਰਬਿੰਦਰਬੀਰ ਸਿੰਘ ਭੱਲਾ ਮੈਂਬਰ ਇੰਚਾਰਜ ਸਕੂਲ ਨੇ ਵਿਦਿਆਰਥੀਆਂ ਨੂੰ ਸ਼ਾਬਾਸ਼ ਦਿੱਤੀ ਅਤੇ ਵਿਦਿਆਰਥੀਆਂ ਨੂੰ ਅਗਲੀਆਂ ਪ੍ਰੀਖਿਆ ਵਿੱਚ ਵੀ ਇਸੇ ਤਰ੍ਹਾਂ ਵਧੀਆ ਅੰਕ ਪ੍ਰਾਪਤ ਕਰਨ ਤੇ ਸੰਸਥਾ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਸਕੂਲ ਡਾ. ਧਰਮਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਆਪਣੀਆਂ ਸਾਲਾਨਾ ਪ੍ਰੀਖਿਆਵਾਂ ਵਿੱਚ ਵੀ ਮੱਲਾਂ ਮਾਰਨ ਲਈ ਕਿਹਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਭਾਈ ਖਜ਼ਾਨ ਸਿੰਘ ਅਤੇ ਭਾਈ ਜਸਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਨਕਦੀ ਰਾਸ਼ੀ ਨਾਲ ਸਨਮਾਨਤ ਕੀਤਾ। ਇਸ ਮੌਕੇ ਸਕੂਲ ਦੇ ਧਾਰਮਿਕ ਅਧਿਆਪਕ ਮੈਡਮ ਸੁਖਜੀਤ ਕੌਰ ਮੁਖੀ ਧਾਰਮਿਕ ਵਿਭਾਗ ਅਤੇ ਜਸਪਾਲ ਸਿੰਘ ਵੀ ਹਾਜ਼ਰ ਸਨ।

ਇਮਾਨਦਾਰੀ ਦੀ ਵੱਡੀ ਮਿਸਾਲ, 4 ਲੱਖ ਦਾ ਸੋਨਾ ਕੀਤਾ ਵਾਪਸ

ਸਰਾਏ ਅਮਾਨਤ ਖਾਂ (ਮੱਖਣ ਮਨੋਜ) : ਅੱਜ ਦੇ ਇਸ ਚਲ ਰਹੇ ਲਾਲਚ ਭਰੇ ਜ਼ਮਾਨੇ ਵਿੱਚ ਜਦੋਂ ਲੋਕ ਇੱਕ ਦੂਸਰੇ ਕੋਲੋਂ ਜ਼ਬਰਦਸਤੀ ਹੱਥਾਂ ਵਿੱਚੋਂ ਪੈਸੇ ਤੇ ਸੋਨਾ ਖੋਹ ਰਹੇ ਹਨ, ਉਥੇ ਇੱਕ ਇਮਾਨਦਾਰੀ ਦੀ ਵੱਡੀ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਅੱਡਾ ਝਬਾਲ ਵਿਖੇ ਇੱਕ ਪਿੰਡ ਭੁੱਚਰ ਦਾ ਪਰਵਾਰ ਅੱਡਾ ਝਬਾਲ ਵਿਖੇ ਕੁਝ ਖਰੀਦਣ ਲਈ ਰੁਕਿਆ ਤਾਂ ਝੋਲੇ ਵਿੱਚੋਂ ਕੱਪੜੇ ਵਿੱਚ ਬੰਨ੍ਹਿਆ ਸੋਨਾ ਲਗਭਗ 4 ਲੱਖ ਮੁੱਲ ਦਾ ਸੜਕ 'ਤੇ ਡਿਗ ਪਿਆ, ਜਿਹੜਾ ਝਬਾਲ ਪਿੰਡ ਦੇ ਥਰੀਵੀਲਰ ਚਾਲਕ ਪਰਮਜੀਤ ਸਿੰਘ ਲਾਟੀ ਪੁੱਤਰ ਦਲਬੀਰ ਸਿੰਘ ਨੂੰ ਲੱਭ ਗਿਆ, ਜਿਸ ਨੂੰ ਉਸ ਨੇ ਆਪਣੇ ਪਾਸ ਰੱਖ ਲਿਆ ਅਤੇ ਕਿਹਾ ਕਿ ਨਿਸ਼ਾਨੀ ਦੱਸ ਕੇ ਗਹਿਣੇ ਦਾ ਮਾਲਕ ਲਿਜਾ ਸਕਦਾ ਹੈ। ਜਿਸ 'ਤੇ ਉਕਤ ਗਹਿਣੇ ਦੇ ਮਾਲਕ ਬਲਜੀਤ ਕੌਰ ਪਤਨੀ ਪ੍ਰਗਟ ਸਿੰਘ ਵਾਸੀ ਭੁੱਚਰ ਕਲਾ ਨੇ ਨੰਬਰਦਾਰ ਹਰਵਿੰਦਰ ਸਿੰਘ,ਕੈਪਟਨ ਪ੍ਰਗਟ ਸਿੰਘ ਭੁੱਚਰ ਤੇ ਰਣਜੀਤ ਸਿੰਘ ਦੇ ਨਾਲ ਪਹੁੰਚ ਕੇ ਗਹਿਣਿਆਂ ਦੀ ਨਿਸ਼ਾਨੀ ਦੱਸੀ ਤਾਂ ਪਰਮਜੀਤ ਸਿੰਘ, ਉਸ ਦੇ ਪਿਤਾ ਦਲਬੀਰ ਸਿੰਘ ਨੇ ਸਰਪੰਚ ਨਰਿੰਦਰ ਪੱਪਾ ਤੇ ਥਾਣੇਦਾਰ ਹਰਜਿੰਦਰ ਸਿੰਘ ਢਿੱਲੋਂ ਦੀ ਹਾਜ਼ਰੀ ਵਿੱਚ 4 ਲੱਖ ਮੁੱਲ ਦੇ ਗਹਿਣੇ ਵਾਪਸ ਕਰ ਦਿੱਤੇ। ਜਿਥੇ ਇਸ ਇਮਾਨਦਾਰੀ ਦੀ ਇਲਾਕੇ ਵਿੱਚ ਭਾਰੀ ਤਾਰੀਫ ਹੋ ਰਹੀ ਹੈ, ਉਥੇ ਪਰਵਾਰ ਨੇ ਵੀ ਦਲਬੀਰ ਸਿੰਘ ਤੇ ਥਰੀਵੀਲਰ ਮਾਲਕ ਪਰਮਜੀਤ ਲਾਟੀ ਦਾ ਧੰਨਵਾਦ ਕਰਦਿਆਂ ਇਮਾਨਦਾਰੀ ਦੀ ਪ੍ਰਸੰਸਾ ਕੀਤੀ।

ਅਧਿਆਪਕ ਵਿਦਿਆਰਥੀਆਂ ਦੇ ਜੀਵਨ ਨੂੰ ਤਰਾਸ਼ਣ ਵਾਲਾ ਜੌਹਰੀ ਹੁੰਦਾ : ਕਰਨੈਲ ਸਿੰਘ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ) : ਸੈਕਰਡ ਸੋਲਜ ਕਾਨਵੈਂਟ ਸਕੂਲ, ਕਾਲੇ ਵਿਖੇ ਐਨ ਸੀ ਸੀ ਟ੍ਰੇਨਿੰਗ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮੁਆਇਨਾ ਕਰਨ ਲਈ ਅੱਜ 11 ਪੰਜਾਬ ਬਟਾਲੀਅਨ ਅੰਮ੍ਰਿਤਸਰ ਦੇ ਸੀ ਓ ਕਰਨੈਲ ਸਿੰਘ, ਹਵਾਲਦਾਰ ਦਵਿੰਦਰਜੀਤ ਸਿੰਘ, ਆਰਮੀ ਸਟਾਫ ਗੰਗਾ ਸ਼ਰਮਾ, ਸੰਤੋਸ਼ ਕੁਮਾਰ, ਅਜਾਜ ਅਹਿਮਦ ਡਾਰ ਆਦਿ ਆਰਮੀ ਅਧਿਕਾਰੀ ਸਕੂਲ 'ਚ ਪੁੱਜੇ। ਇਸ ਮੌਕੇ ਸਕੂਲ ਪਹੁੰਚਣ 'ਤੇ ਸੈਕਰਡ ਸੋਲਜ ਕਾਨਵੈਂਟ ਸਕੂਲ ਦੇ ਚੇਅਰਮੈਨ ਕੰਧਾਲ ਸਿੰਘ ਬਾਠ, ਪ੍ਰਿੰਸੀਪਲ ਲਖਬੀਰ ਕੌਰ, ਸੈਕਟਰੀ ਮੈਡਮ ਅਮਰਬੀਰ ਕੌਰ ਅਤੇ ਸਮੂਹ ਸਟਾਫ ਵੱਲੋਂ ਸੀ ਓ ਕਰਨੈਲ ਸਿੰਘ ਅਤੇ ਉਨ੍ਹਾਂ ਨਾਲ ਪੁੱਜੇ ਅਧਿਕਾਰੀਆਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਕੰਧਾਲ ਸਿੰਘ ਬਾਠ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਰਨਲ ਕਰਨੈਲ ਸਿੰਘ ਵੱਲੋਂ ਉਨ੍ਹਾਂ ਦੇ ਸਕੂਲ 'ਚ ਆਯੋਜਿਤ ਕੀਤੇ ਜਾ ਰਹੇ ਐਨ ਸੀ ਸੀ ਟ੍ਰੇਨਿੰਗ ਕੈਂਪ ਦਾ ਮੁਆਇਨਾ ਕੀਤਾ ਗਿਆ। ਉਨ੍ਹਾ ਦੱਸਿਆ ਕਿ ਟ੍ਰੇਨਿੰਗ ਦੀ ਸ਼ੁਰੂਆਤ ਤੋਂ ਹੁਣ ਤੱਕ ਸਕੂਲ ਦੇ ਵਿਦਿਆਰਥੀਆਂ ਨੇ ਟ੍ਰੇਨਿੰਗ ਕੈਂਪ ਦੌਰਾਨ ਵੱਖ-ਵੱਖ ਗਤੀਵਿਧੀਆਂ 'ਚ ਭਾਗ ਲੈ ਕੇ ਅਨਮੋਲ ਗਿਆਨ ਇਕੱਤਰ ਕੀਤਾ ਹੈ। ਉਨ੍ਹਾ ਕਿਹਾ ਕਿ ਕਰਨਲ ਕਰਨੈਲ ਸਿੰਘ ਵੱਲੋਂ ਟ੍ਰੇਨਿੰਗ 'ਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਅਜਿਹੇ ਟ੍ਰੇਨਿੰਗ ਕੈਂਪਾਂ 'ਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ ਗਿਆ। ਇਸ ਮੌਕੇ ਆਪਣੇ ਸੰਬੋਧਨ 'ਚ ਕਰਨਲ ਕਰਨੈਲ ਸਿੰਘ ਨੇ ਕਿਹਾ ਕਿ ਸਮਾਂ ਸਾਰਨੀ ਵਿਦਿਆਰਥੀ ਜੀਵਨ ਦਾ ਮੁੱਖ ਅੰਗ ਹੈ। ਉਨ੍ਹਾ ਕਿਹਾ ਕਿ ਜਿਹੜੇ ਵਿਦਿਆਰਥੀ ਆਪਣੇ ਸਾਰੇ ਕੰਮ ਸਮਾਂ ਸਾਰਨੀ ਅਨੁਸਾਰ ਕਰਦੇ ਹਨ, ਉਹ ਆਪਣੇ ਜੀਵਨ ਵਿੱਚ ਉੱਚੇ ਮੁਕਾਮ ਹਾਸਲ ਕਰਦੇ ਹਨ। ਇਸ ਮੌਕੇ ਕਰਨਲ ਕਰਨੈਲ ਸਿੰਘ ਨੇ ਕਿਹਾ ਕਿ ਅਧਿਆਪਕ ਸ਼ਿਲਪਕ

20-Jan-PAGE-12.qxd 1/19/2023 10:32 PM Page 1

ਪੰਜਾਬ ਪੈਨਸ਼ਨ ਯੂਨੀਅਨ ਜਲੰਧਰ ਦੇ ਸਾਥੀ ਵੱਡੀ ਗਿਣਤੀ 'ਚ 29 ਨੂੰ ਸੰਗਰੂਰ ਜਾਣਗੇ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪੰਜਾਬ ਪੈਂਨਸਨ ਯੂਨੀਅਨ ਜਿਲਾ ਜਲੰਧਰ ਦੀ ਮਹੀਨੇਵਾਰ ਮੀਟਿੰਗ ਮਦਨ ਲਾਲ ਚੀਮਾ ਅਤੇ ਅਵਤਾਰ ਸਿੰਘ ਵਿਰਕ ਐਨ ਆਰ ਆਈ ਦੀ ਪ੍ਰਧਾਨਗੀ ਹੇਠ ਜਸਵੰਤ ਸਿੰਘ ਸਮਰਾ ਯਾਦਗਾਰ ਹਾਲ ਵਿਖੇ ਕੀਤੀ ਗਈ। ਇਸ ਮੌਕੇ ਸਭ ਤੋਂ ਪਹਿਲਾਂ ਨੇਪਾਲ ਜਹਾਜ ਹਾਦਸਾ, ਸ਼ਹੀਦ ਹੋਏ ਫੌਜੀਆਂ, ਪੰਜਾਬ ਪੁਲਸ ਦੇ ਸ਼ਹੀਦ ਹੋਏ ਸਿਪਾਹੀ ਅਤੇ ਸੰਗਰੂਰ ਕਾਰ ਹਾਦਸੇ ਵਿਚ ਇੱਕੋ ਪਰਵਾਰ ਦੇ ਮਾਰੇ ਗਏ ਮੈਂਬਰਾਂ ਪ੍ਰਤੀ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੋ ਮਿੰਟ ਦਾ ਮੋਨਧਾਰ ਕੇ ਸਰਧਾਂਜਲੀ ਭੇਟ ਕੀਤੀ ਗਈ। ਉਪਰੰਤ ਜਨਰਲ ਸਕੱਤਰ ਵਿਜੇ ਕੁਮਾਰ ਸ਼ਰਮਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਪੈਨਸ਼ਨਰਾਂ ਪ੍ਰਤੀ ਮਾਰੂ ਨੀਤੀਆਂ ਦੀ ਸ਼ਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਪੈਨਸ਼ਨਰਜ਼ ਸੂਬਾ ਕਮੇਟੀ ਵੱਲੋਂ ਮਾਰੂ ਨੀਤੀਆਂ ਖਿਲਾਫ ਦਿੱਤੀ ਕਾਲ 'ਤੇ ਜਿਲ੍ਹਾ ਜਲੰਧਰ ਦੀ ਬ੍ਰਾਂਚ ਦੇ ਸਾਥੀ 29 ਜਨਵਰੀ ਨੂੰ ਸੰਗਰੂਰ ਵਿਖੇ ਸਰਕਾਰ ਦੀਆਂ ਮੁਲਾਜ਼ਮਾਂ ਵਿਰੋਧੀ ਨੀਤੀਆਂ ਖਿਲਾਫ ਕੀਤੀ ਜਾ ਰਹੀ ਰੋਸ ਰੈਲੀ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ। ਇਸ ਮੌਕੇ ਹਰਿੰਦਰ ਸਿੰਘ

ਐਕਟਿੰਗ ਪ੍ਰਧਾਨ ਅਤੇ ਜਗੀਰ ਸਿੰਘ ਬਾਜਵਾ ਨੇ ਪੰਜਾਬ ਗੌ. ਟਰਾਂਸਪੋਰਟ ਵਰਕਰ ਯੂਨੀਅਨ ਦੇ ਬਾਨੀ ਜਸਵੰਤ ਸਿੰਘ ਸਮਰਾ ਦੀ ਬਰਸੀ ਜੋ 27ਫਰਵਰੀ ਨੂੰ ਜਲੰਧਰ ਵਿਖੇ ਮਨਾਈ ਜਾਣੀ ਹੈ, ਉਸ ਦੀ ਤਿਆਰੀ ਵਾਰੇ ਜਾਣਕਾਰੀ ਦਿੱਤੀ। ਮਦਨ ਲਾਲ ਚੀਮਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਰਸੀ ਮੌਕੇ ਪੰਜਾਬ ਪੈਨਸਨ ਯੂਨੀਅਨ ਅਤੇ ਰੋਡਵੇਜ਼ ਦੀਆਂ ਏਟਕ ਜਥੇਬੰਦੀ ਨਾਲ ਸਬੰਧਤ ਸਮੂਹ ਡਿਪੂ ਬ੍ਰਾਂਚਾ ਅਤੇ ਹਮਖਿਆਲੀ ਜਥੇਬੰਦੀਆਂ ਨੂੰ ਬਰਸੀ ਮੌਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਅਤੇ ਮੀਟਿੰਗ ਦੌਰਾਨ ਜਿੰਨਾ ਐਨ ਆਰ ਆਈ ਅਤੇ ਹੋਰ ਸਾਥੀਆਂ ਨੇ ਮਾਲੀ ਸਹਾਇਤਾ ਦਾ ਯੋਗਦਾਨ ਕੀਤਾ ਉਨ੍ਹਾਂ ਦਾ ਧੰਨਵਾਦ ਕੀਤਾ । ਇਸ ਮੌਕੇ ਬ੍ਰਾਂਚ ਵੱਲੋਂ 60, 70 ,75, 80 ਸਾਲ ਦੀ ਉਮਰ ਦੇ 6 ਰਿਟਾਇਰੀ ਸਾਥੀਆ ਅਤੇ ਦੋ ਐਨ ਆਰ ਆਈ ਜਿੰਨਾ ਬਰਸੀ ਲਈ ਮਾਲੀ ਸਹਾਇਤਾ ਦਿੱਤੀ ਨੂੰ ਯਾਦਗਾਰੀ ਮੋਮੈਂਟੋ ਦੇਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਜੱਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ, ਚੇਅਰਮੈਨ ਉੱਤਮ ਚੰਦ, ਅੰਮ੍ਰਿਤਪਾਲ ਸਿੰਘ, ਸੰਤੋਖ ਸਿੰਘ ਕੈਸੀਅਰ, ਗੁਰਮੁੱਖ ਸਿੰਘ ਸਿੰਘ, ਬਲਵਿੰਦਰ ਸਿੰਘ, ਰੋਸ਼ਮ ਸਿੰਘ ਕੰਗ, ਜੋਗਿੰਦਰ ਸਿੰਘ ਸੈਕਟਰੀ, ਸੁਰਿੰਦਰ ਸਿੰਘ, ਸੰਤੋਖ ਸਿੰਘ-2, ਐਨ ਆਰ ਆਈ ਸੇਵਾ ਸਿੰਘ, ਸਤੀਸ਼ ਕੁਮਾਰ ਗੁਲਾਟੀ, ਸੋਮ ਸਿੰਘ, ਹਾਕਮ ਸਿੰਘ, ਬੁੱਧ ਸਿੰਘ, ਪ੍ਰਤਾਪ ਬਹਾਦਰ ਜੋਗ ਰਾਜ ਆਦਿ ਹਾਜ਼ਰ ਸਨ।

ਮਹਾਰਾਸ਼ਟਰ ਦੇ ਰਾਜਪਾਲ ਨੇ ਲਵਲੀ ਪ੍ਰੋਫੈਸ਼ਨਲ 'ਵਰਸਿਟੀ ਵਿਖੇ ਮਹਿਲਾ ਸਸ਼ਕਤੀਕਰਨ 'ਤੇ ਕਾਨਫਰੰਸ ਦੀ ਕੀਤੀ ਪ੍ਰਧਾਨਗੀ

ਜਲੰਧਰ (ਸ਼ੈਲੀ ਐਲਬਰਟ)

ਮਹਾਰਾਸ਼ਟਰ ਦੇ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਸ਼ਾਂਤੀ ਦੇਵੀ ਮਿੱਤਲ ਆਡੀਟੋਰੀਅਮ ਵਿਖੇ ਮਹਿਲਾ ਸਸ਼ਕਤੀਕਰਨ 'ਤੇ ਆਯੋਜਿਤ ਕਾਨਫਰੰਸ ਦੀ ਪ੍ਰਧਾਨਗੀ ਕੀਤੀ। ਯੂਨੀਵਰਸਿਟੀ ਦੇ ਹਜਾਰਾਂ ਵਿਦਿਆਰਥੀਆਂ, ਸਟਾਫ ਅਤੇ ਫੈਕਲਟੀ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਗਵਰਨਰ ਨੇ ਮਹਾਨ ਭਾਰਤੀ ਸੰਸਕ੍ਰਿਤੀ ਬਾਰੇ ਗੱਲ ਕੀਤੀ, ਜੋ ਕਿ ਮਾਤ ਭੂਮੀ ਅਤੇ ਨਾਰੀ ਜਾਤੀ ਦਾ ਅਨਾਦਿ ਕਾਲ ਤੋਂ ਹੀ ਸਤਿਕਾਰ ਕਰਦੀ ਹੈ। ਉਨਾਂ ਸਾਂਝਾ ਕੀਤਾ ਕਿ ਭਾਰਤ ਵਿੱਚ ਸਾਰੇ ਗਿਆਨ, ਦੌਲਤ, ਤਾਕਤ, ਦਿਆਲਤਾ, ਮੁਆਫੀ ਜਾਂ ਇਸ ਤਰ੍ਹਾਂ ਦੇ ਕਿਸੇ ਹੋਰ ਰੂਪ ਵਿੱਚ ਲੋੜਾਂ ਲਈ 'ਦੇਵੀ' ਦੇ ਰੂਪ ਵਿੱਚ ਔਰਤ ਸ਼ਕਤੀ ਨੂੰ ਯਾਦ ਕਰਦੇ ਹਨ। ਦੁਨੀਆ ਹੁਣ ਮਹਿਲਾ ਸਸ਼ਕਤੀਕਰਨ ਦੀ ਗੱਲ ਕਰਨ ਲੱਗੀ ਹੈ; ਇਸ ਦੇ ਮੁਕਾਬਲੇ ਭਾਰਤ ਹਮੇਸ਼ਾ ਹੀ ਔਰਤਾਂ ਦੇ ਸਸ਼ਕਤੀਕਰਨ ਦੇ ਪੱਖ ਵਿੱਚ ਰਿਹਾ ਹੈ। ਇਸ ਸਮੇਂ ਭਾਰਤ ਵਿੱਚ ਜੀਵਨ ਦੇ ਸਾਰੇ ਪਹਿਲੂਆਂ ਵਿੱਚ ਇਹ ਦੇਖਿਆ ਜਾ ਰਿਹਾ ਹੈ ਕਿ 80 ਪ੍ਰਤੀਸ਼ਤ ਔਰਤਾਂ ਆਪਣੇ ਪੁਰਸ਼ ਹਮਰੁਤਬਾ ਦੇ ਮੁਕਾਬਲੇ ਵਿਭਿੰਨ ਪ੍ਰਤੀਯੋਗੀ ਖੇਤਰਾਂ ਵਿੱਚ ਹਾਵੀ ਹਨ-ਜਿਨ੍ਹਾਂ ਵਿੱਚ ਸਿੱਖਿਆ, ਖੇਡਾਂ, ਕਾਰਪੋਰੇਟ ਸੈਕਟਰ ਅਤੇ ਇੱਥੋਂ ਤੱਕ ਕਿ ਰਾਜਨੀਤੀ ਵੀ ਸ਼ਾਮਲ ਹੈ । ਇਨ੍ਹਾਂ ਲੀਹਾਂ 'ਤੇ, ਐਲਪੀਯੂ ਦੇ ਵਿਦਿਆਰਥੀਆਂ ਦੁਆਰਾ ਬਣਾਏ ਗਏ ਸ਼ਾਨਦਾਰ ਵਿਸਵ ਰਿਕਾਰਡ ਨੂੰ ਜੋੜਦੇ ਹੋਏ, ਉਨਾਂ ਕਾਮਨਾ ਕੀਤੀ ਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੂੰ ਦੁਨੀਆ ਦੀ ਸਭ ਤੋਂ ਲਾਈਵ

ਯੂਨੀਵਰਸਿਟਾ ਕਿਹਾ ਜਾਣਾ ਚਾਹੀਦਾ ਹੈ। ਦੇਸ਼ ਦੀ ਨਵੀਂ ਸਿੱਖਿਆ ਨੀਤੀ ਦਾ ਹਵਾਲਾ ਦਿੰਦੇ ਹੋਏ, ਰਾਜਪਾਲ ਨੇ ਜੋਰ ਦੇ ਕੇ ਕਿਹਾ ਕਿ ਇਹ ਦੇਸ਼ ਦੇ ਸੱਭਿਆਚਾਰ ਅਤੇ ਸਿੱਖਿਆ ਦੇ ਕਾਰਨ ਹੀ ਹੈ ਜਿਸ ਨੇ ਔਰਤਾਂ ਨੂੰ ਬਹਾਦਰ, ਦਿਆਲੂ, ਦੇਖਭਾਲ ਕਰਨ ਵਾਲੀ, ਸਾਸ਼ਕ, ਮਜਬੂਤ ਅਤੇ ਗਤੀਸ਼ੀਲ ਵਜੋਂ ਅੱਗੇ ਲਿਆਂਦਾ ਹੈ। ਰਾਜਪਾਲ ਨੇ ਸਾਰਿਆਂ ਨੂੰ ਇਹ ਵੀ ਸਲਾਹ ਦਿੱਤੀ ਕਿ ਉਹ ਆਪਣੀ ਮਾਂ ਬੋਲੀ ਨੂੰ ਕਦੇ ਵੀ ਨਾ ਭੁੱਲਣ, ਚਾਹੇ ਦੁਨੀਆਂ ਦੀਆਂ ਕਿੰਨੀਆਂ ਵੀ ਹੋਰ ਭਾਸ਼ਾਵਾਂ ਵਿੱਚ ਗਿਆਨ ਹੋਵੇ। ਕੁਲੀਨ ਮਹਿਮਾਨ ਦਾ ਸੁਆਗਤ ਕਰਦੇ ਹੋਏ, ਐਲਪੀਯੂ ਦੇ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਮਹਿਮਾਨ ਦੀ ਬਹੁਪੱਖੀ ਸਖਸ਼ੀਅਤ ਬਾਰੇ ਗੱਲ ਕੀਤੀ ਅਤੇ ਉਨਾਂ ਦਵਾਰਾ ਸਿੱਖਿਆ, ਰਾਜਨੀਤੀ ਅਤੇ ਮੌਜੂਦਾ ਪ੍ਰਸ਼ਾਸਨ ਵਿੱਚ ਆਪਣੇ ਪੂਰੇ ਕਰੀਅਰ ਦੌਰਾਨ ਮਹਿਲਾ ਸਸ਼ਕਤੀਕਰਨ ਲਈ ਕੀਤੇ ਗਏ ਅਣਥੱਕ ਯਤਨਾਂ ਬਾਰੇ ਸਾਂਝਾ ਕੀਤਾ। ਡਾ: ਮਿੱਤਲ ਨੇ ਅੱਗੇ ਕਿਹਾ ਕਿ ਭਾਰਤ ਨੇ ਸ਼ੁਰੂ ਤੋਂ ਹੀ ਆਪਣੀਆਂ ਮਹਿਲਾਵਾਂ ਨੂੰ ਸਸ਼ਕਤੀਕਰਨ ਦਿੱਤਾ ਹੈ ਜੋ ਕਿ ਵਿਸ਼ਵ ਦੇ ਸਭ ਤੋਂ ਉੱਨਤ ਦੇਸ਼ ਕੁਝ ਸਾਲ ਪਹਿਲਾਂ ਹੀ ਕਰ ਸਕੇ ਹਨ। ਮੁੱਖ ਮੰਚ 'ਤੇ ਪ੍ਰੋ-ਚਾਂਸਲਰ ਸ੍ਰੀਮਤੀ ਰਸ਼ਮੀ ਮਿੱਤਲ, ਵਾਈਸ-ਚਾਂਸਲਰ ਡਾ: ਪ੍ਰੀਤੀ ਬਜਾਜ ਅਤੇ ਰਜਿਸਟਰਾਰ ਡਾ: ਮੋਨਿਕਾ ਗੁਲਾਟੀ ਵੀ ਮੌਜੂਦ ਸਨ। ਕਾਨਫਰੰਸ ਵਿੱਚ ਇੱਕ ਸੱਭਿਆਚਾਰਕ ਪੇਸ਼ਕਾਰੀ ਵੀ ਕੀਤੀ ਗਈ ਜਿਸ ਨੇ ਚਾਰੇ ਪਾਸੇ ਏਕਤਾ, ਖੁਸ਼ੀ, ਸ਼ਾਂਤੀ ਅਤੇ ਖੁਸ਼ਹਾਲੀ ਦਾ ਪ੍ਰਚਾਰ ਕੀਤਾ।ਮਹਿਲਾ ਸਸ਼ਕਤੀਕਰਨ ਕਾਨਫਰੰਸ ਦੌਰਾਨ, ਇਹ ਵੀ ਦੱਸਿਆ ਗਿਆ ਕਿ ਭੌਤਿਕ ਵਿਗਿਆਨ ਵਿਭਾਗ ਦੀ ਇੱਕ ਵਿਦਿਆਰਥਣ ਤਨੀਸ਼ਾ ਜੋਸ਼ੀ ਨੇ ਹਾਲ ਹੀ 'ਚ ਭਾਰਤੀ ਫੌਜ ਦੁਆਰਾ ਆਯੋਜਿਤ "ਸੈਨਿਆ ਰਣਕਸੇਤਰਮ 2.0' ਵਿੱਚ ਦੂਜਾ ਰਨਰ ਅੱਪ ਇਨਾਮ ਪ੍ਰਾਪਤ ਕੀਤਾ ਹੈ, ਜਿੱਥੇ ਪੂਰੇ ਭਾਰਤ ਤੋਂ 80,000 ਤੋਂ ਵੱਧ ਪ੍ਰਤੀਭਾਗੀਆਂ ਨੇ ਭਾਗ ਲਿਆ ਸੀ। ਇਥੇ ਥਲ ਸੈਨਾ ਮੁਖੀ ਜਨਰਲ ਮਨੋਜ ਪਾਂਡੇ ਨੇ ਜੇਤੂਆਂ ਨੂੰ ਸਨਮਾਨਿਤ ਕੀਤਾ।

ਜਨਮ ਦਿਨ ਮੁਬਾਰਕ

ਦਕਸ਼ ਅਰੋੜਾ, ਨੂਰਮਹਿਲ

ਸ਼ਹਿਨਾਈਆਂ

ਇੰਜ. ਜੇ ਪੀ ਸਿੰਘ ਅਤੇ ਕਮਲਜੀਤ ਕੌਰ ਵਾਸੀ ਬੇਦੀ ਕਾਲੋਨੀ ਧਾਰੀਵਾਲ ਨੇ ਆਪਣੇ ਵਿਆਹ ਦੀ 27ਵੀਂ ਵਰ੍ਹੇਗੰਢ ਮਨਾਈ।

ਪੱਤਰਕਾਰ ਜੈਜੀ ਸਰਦਾਰ ਅਤੇ ਨੇਹਾ ਰਾਣੀ ਵਾਸੀ ਮੋਰਿੰਡਾ ਨੇ ਆਪਣੇ ਵਿਆਹ ਦੀ ਚੌਥੀ ਵਰ੍ਹੇਗੰਢ ਮਨਾਈ।

ਗੁਰਸੇਵਕ ਸਿੰਘ ਅਤੇ ਰਮਨਜੋਤ ਕੌਰ ਵਾਸੀ ਕਸਬਾ ਲੌਂਗੋਵਾਲ ਨੇ ਆਪਣੇ ਵਿਆਹ ਦੀ 14ਵੀਂ ਵਰ੍ਹੇਗੰਢ ਮਨਾਈ।

ਮੁਲਾਜ਼ਮ ਭਲਾਈ ਕਾਹਲੋਂ ਤੇ ਰਾਣੂ ਗਰੁੱਪ 'ਚ ਫਸਵਾਂ ਮੁਕਾਬਲਾ

ਮੋਹਾਲੀ, (ਗੁਰਜੀਤ ਬਿੱਲਾ)

ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਐਸੋਸੀਏਸ਼ਨ ਦੀਆਂ ਚੋਣਾਂ ਲਈ ਪ੍ਰਚਾਰ ਸਿਖਰਾਂ 'ਤੇ ਪੁੱਜ ਚੁੱਕਾ ਹੈ। ਚੋਣਾਂ 'ਚ ਮੁਕਾਬਲਾ ਰਵਾਇਤੀ ਮੁਲਾਜ਼ਮ ਭਲਾਈ ਕਾਹਲੋਂ ਤੇ ਰਾਣੂੰ ਗਰੁੱਪ ਅਤੇ ਖੰਗੂੜਾ ਗਰੁੱਪ 'ਚ ਹੋਵੇਗਾ। ਦੋਵੇਂ ਗਰੁੱਪ ਆਪਣੀ ਆਪਣੀ ਅਪਣੀ ਜਿੱਤ ਦਾ ਦਾਅਵਾ ਠੋਕ ਰਹੇ ਹਨ, ਪਰ ਕਿਸ ਦੇ ਸਿਰ 'ਤੇ ਤਾਜ ਸਜੇਗਾ, ਉਸ ਦਾ ਫੈਸਲਾ ਤਾਂ 20 ਜਨਵਰੀ ਨੂੰ ਹੀ ਹੋਵੇਗਾ। ਮੁਲਾਜ਼ਮ ਭਲਾਈ ਕਾਹਲੋਂ ਤੇ ਰਾਣੂੰ ਗਰੁੱਪ ਵੱਲੋਂ ਬੋਰਡ ਦੀਆਂ ਚੋਣਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਇਕ ਇਸਤਰੀ ਕਰਮਚਾਰੀ ਰਮਨਦੀਪ ਕੌਰ ਨੂੰ ਪ੍ਰਧਾਨਗੀ ਦਾ ਉਮੀਦਵਾਰ ਬਣਾਇਆ ਗਿਆ ਹੈ।



ਰਮਨਦੀਪ ਕੌਰ ਗਿੱਲ

ਰਮਨਦੀਪ ਦਾ ਕਹਿਣਾ ਹੈ ਕਿ ਪਿਛਲੇ ਕਈ ਸਾਲਾਂ ਤੋਂ ਕਰਮਚਾਰੀਆਂ ਦੀਆਂ ਮੰਗਾਂ ਲਈ ਸੰਘਰਸ਼ ਹੀਨ ਹਨ। ਸਿੱਖਿਆ ਬੋਰਡ ਵਿੱਚ ਇਸਤਰੀ ਕਰਮਚਾਰੀ ਦੀ ਗਿਣੀ 60-65 ਫੀਸਦੀ ਹਨ ਜਿਨਾਂ ਦਾ ਪੂਰਾ ਸਮਰੱਥਨ ਉਨਾਂ ਨੂੰ ਮਿਲ ਰਿਹਾ ਹਨ। ਮੌਜੂਦਾ ਪ੍ਰਧਾਨ ਬਲਜਿੰਦਰ ਸਿੰਘ ਬਰਾੜ ਦਾ ਕਹਿਣਾ ਸੀ ਕਿ ਉਨ੍ਹਾਂ ਅਪਣਾ ਦਾਅਵਾ ਸਿੱਖਿਆ ਬੋਰਡ ਦੀਆਂ ਇਸਤਰੀ ਕਰਮਚਾਰੀ ਤੇ ਹੋਰ ਕਰਮਚਾਰੀਆਂ ਦੇ ਸੁਝਾਓ ਤੇ ਫੁੱਲ ਚੜਾਏ ਹਨ। ਸੁਨੀਲ ਅਰੋੜਾ ਨੇ ਕਿਹਾ ਕਿ ਖੰਗੂੜਾ ਗਰੁੱਪ ਦੀ ਅਗਵਾਈ ਸਮੇਂ ਹੀ ਸਿੱਖਿਆ ਬੋਰਡ ਦੀਆਂ 1200 ਦੇ ਲਗਭਗ ਪੱਕੀਆਂ ਅਸਾਮੀਆਂ ਖਤਮ ਕੀਤੀਆਂ ਗਈਆਂ ਸਨ ਜਿਸ ਨਾਲ ਸਿੱਖਿਆ ਬੋਰਡ ਦੇ ਕਰਮਚਾਰੀਆਂ ਦੀਆਂ ਤਰੱਕੀ ਦੀਆਂ ਉਮੀਦਾਂ ਖਤਮ ਹੋ ਗਈਆਂ ਹਨ।

ਦੂਜੇ ਪਾਸ ਖੰਗੂੜਾ ਗਰੁੱਪ ਵੱਲੋਂ ਪਰਵਿੰਦਰ ਸਿੰਘ ਖੰਗੂੜਾ ਵੱਲੋਂ ਤਾਲ ਠੋਕ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਿਛਲੇ ਸਾਲ ਦੀ ਕਾਬਜ ਗੁੱਰਪ ਪੂਰੀ ਤਰ੍ਹਾਂ ਲੋਕਾਂ ਦੀਆਂ ਆਸਾਂ 'ਤੇ ਪੂਰਾ ਨਹੀਂ ਉਤਰਿਆ ਲੋਕਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਉਨ੍ਹਾਂ ਇਸਤਰੀ ਕਰਮਚਾਰੀ ਨੂੰ ਪ੍ਰਧਾਨਗੀ ਦਾਅਵੇ ਨੂੰ ਮੁਢੋਂ ਰੱਦ ਕਰਦਿਆਂ ਕਿਹਾ ਕਿ ਮੈਡਮ ਪਿਛਲੇ ਕਈ ਸਾਲਾਂ ਤੋਂ ਚੋਣਾਂ ਲੜ ਰਹੇ ਹਨ। ਸ੍ਰੀ ਖੰਗੂੜਾ ਨੇ ਦਾਅਵਾ ਕੀਤਾ ਕਿ ਪਿਛਲੇ ਸਾਲ ਚਾਰ ਗੁੱਰਪਾਂ ਨੇ ਰਲ ਕੇ ਚੋਣ ਲਈ ਸੀ ਤਾਂ ਵੀ ਉਹ ਕੇਵਲ 21 ਵੋਟਾਂ ਦੇ ਫਰਕ ਨਾਲ ਹਾਰੇ ਸਨ।

ਚੋਣਾਂ ਕਰਵਾਉਣ ਲਈ ਨਾਮਜਦ ਤਿੰਨ ਮੈਂਬਰ ਚੋਣ ਕਮਿਸ਼ਨ ਅਜੀਤ ਪਾਲ ਸਿੰਘ, ਹਰਪਾਲ ਸਿੰਘ ਅਤੇ ਗੁਲਾਬ ਚੰਦ ਨੇ ਕਿਹਾ ਕਿ ਚੋਣਾਂ ਲਈ ਵੋਟਾਂ ਪਾਉਣ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਚੋਣਾਂ ਵਿੱਚ ਸਿੱਖਿਆ 1005 ਰੈਗੂਲਰ ਕਰਮਚਾਰੀ ਅਪਣੀ ਵੋਟ ਦਾ ਇਸਤੇਮਾਲ ਕਰਨਗੇ। ਉਨ੍ਹਾਂ ਦੱਸਿਆ ਕਿ ਵੋਟਾਂ ਪਾਉਣ ਦੇ ਕੰਮ ਨੂੰ 4 ਜੋਨਾਂ ਵਿੱਚ ਵੰਡਿਆ ਗਿਆ ਹੈ। ਤਿੰਨ ਜੋਨ ਜਿਲ੍ਹਾ ਖੇਤਰੀ ਦਫਤਰਾਂ ਦੇ ਕਰਮਚਾਰੀਆਂ ਦੀਆਂ ਵੋਟਾਂ ਲਈ ਹਨ ਜਦੋਂ ਕਿ ਚੌਥਾ ਜੋਨ ਮੁੱਖ ਦਫਤਰ ਦੇ ਕਰਮਚਾਰੀਆਂ ਦੀਆਂ ਵੋਟਾਂ ਲਈ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਵੋਟਾਂ ਦੀ ਗਿਣਤੀ 20 ਜਨਵਰੀ ਨੂੰ ਕਰਵਾਈ ਜਾਵੇਗੀ ਜਿਸ ਦਾ ਨਤੀਜਾ ਵੀ ਸ਼ਾਮ ਵੇਲੇ ਘੋਸ਼ਿਤ ਕਰ ਦਿੱਤਾ ਜਾਵੇਗਾ।

ਪਰਵਿੰਦਰ ਸਿੰਘ ਖੰਗੂੜਾ

ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼ ਨਾਰਥ ਕੈਂਪਸ 'ਚ ਦੇਵਿਕਾ ਬਡਿਆਲ ਦਾ ਸਨਮਾਨ

ਜਲੰਧਰ (ਸ਼ੈਲੀ ਐਲਬਰਟ)

ਸਾਬਕਾ ਵਿਦਿਆਰਥੀ ਦੇਵਿਕਾ ਬਡਿਆਲ ਨੂੰ ਸੀਟੀ ਗਰੁੱਪ ਆਫ ਇੰਸਟੀਚਿਊਸਨਜ਼ ਨੌਰਥ ਕੈਂਪਸ ਵੱਲੋਂ ਬਾਦਸ਼ਾਹ ਅਤੇ ਕਰਨ ਔਜਲਾ ਪਲੇਅਰਜ਼ ਵਰਗੇ ਪ੍ਰਸਿੱਧ ਗਾਇਕਾਂ ਨਾਲ ਉਸਦੇ ਪਹਿਲੇ ਗੀਤ ਲਈ ਸਨਮਾਨਿਤ ਕਰਨ ਲਈ ਸੱਦਾ ਦਿੱਤਾ ਗਿਆ ਸੀ। ਉਨ੍ਹਾਂ ਨੇ ਆਪਣੇ ਪਹਿਲੇ ਡੈਬਿਊ ਦੇ ਸਫਰ ਨੂੰ ਮਹਾਨ ਸਖਸ਼ੀਅਤਾਂ ਨਾਲ ਸਾਂਝਾ ਕੀਤਾ। ਉਸਨੇ ਸਾਂਝਾ ਕੀਤਾ ਕਿ ਕਿਵੇਂ ਬਾਦਸ਼ਾਹ ਅਤੇ ਕਰਨ ਔਜਲਾ ਨਾਲ ਕੰਮ ਕੀਤਾ ਅਤੇ ਆਪਣੇ ਅਗਲੇ ਕਰੀਅਰ ਦੀਆਂ ਯੋਜਨਾਵਾਂ ਅਤੇ ਉਸਦੇ ਆਉਣ ਵਾਲੇ ਗੀਤ ਵੀ ਸਾਂਝੇ ਕੀਤੇ। ਉਸ ਨੇ ਕੈਂਪਸ ਵਿੱਚ ਇੱਕ ਵਿਦਿਆਰਥੀ ਦੇ ਰੂਪ 'ਚ ਆਪਣੀਆਂ ਖੂਬਸੂਰਤ ਯਾਦਾਂ ਬਾਰੇ ਗੱਲ ਕੀਤੀ ਅਤੇ ਕਿਵੇਂ ਉਸ ਨੂੰ ਆਪਣੇ ਅਧਿਆਪਕਾਂ ਦੁਆਰਾ ਗਾਉਣ ਲਈ ਹਮੇਸ਼ਾਂ ਪ੍ਰੇਰਿਤ ਕੀਤਾ ਗਿਆ। ਉਸ ਨੇ ਦੱਸਿਆ ਕਿ ਇਹ ਸੀਟੀ ਗਰੁੱਪ ਹੀ ਸੀ ਜਿਸ ਨੇ ਉਸ ਦੀ ਸਟੇਜ ਦੇ ਡਰ ਨੂੰ ਦੂਰ ਕੀਤਾ ਸੀ। ਦੇਵਿਕਾ ਆਪਣੀ ਸਫਲਤਾ ਦਾ ਸਿਹਰਾ ਆਪਣੇ ਪਰਵਾਰ, ਕਾਲਜ ਅਤੇ ਨਿਰਮਾਤਾ ਹਿਤੇਨ ਨੂੰ ਦਿੰਦੀ ਹੈ। ਸੀਟੀ ਗਰੁੱਪ ਆਫ ਇੰਸਟੀਚਿਊਸਨਜ਼ ਦੇ ਮੈਨੇਜਿੰਗ ਡਾਇਰੈਕਟਰ ਡਾ: ਮਨਬੀਰ ਸਿੰਘ, ਕੈਂਪਸ ਡਾਇਰੈਕਟਰ ਡਾ: ਯੋਗੇਸ਼ ਛਾਬੜਾ ਅਤੇ ਅਸਿਸਟੈਂਟ ਡਾਇਰੈਕਟਰ ਡਾ: ਰਮਨਦੀਪ ਗੌਤਮ ਨੇ ਦੇਵਿਕਾ ਬਡਿਆਲ ਨੂੰ ਉਸ ਦੀ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ ਅਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਪ੍ਰਿੰਸ ਮੈਡੀਕਲ ਹਾਲ 'ਚੋਂ ਨਕਦੀ ਚੋਰੀ

**ਕ